Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

Vol : 4 : # ਅੰਕ 20 | 20/05/2025 | www.samajweekly.com | samajweekly | @samajweekly | samajweekly

# ਭਾਰਤ ਕੋਈ ‘ਧਰਮਸ਼ਾਲਾ’ ਨਹੀਂ ਹੈ ਜਿੱਥੇ ਸ਼ਰਨਾਰਥੀ ਆ ਕੇ ਵਸ ਸਕਣ: ਸੁਪਰੀਮ ਕੋਰਟ

**ਨਵੀਂ ਦਿੱਲੀ।** ਸੁਪਰੀਮ ਕੋਰਟ ਨੇ ਸ਼੍ਰੀਲੰਕਾ ਦੇ ਇੱਕ ਤਾਮਿਲ ਨਾਗਰਿਕ ਦੀ ਪਟੀਸ਼ਨ ਨੂੰ ਖਾਰਜ ਕਰਦੇ ਹੋਏ ਇੱਕ ਮਹੱਤਵਪੂਰਨ ਟਿੱਪਣੀ ਕੀਤੀ ਹੈ ਕਿ ਭਾਰਤ ਕੋਈ “ਧਰਮਸ਼ਾਲਾ” ਨਹੀਂ ਹੈ ਜਿੱਥੇ ਦੁਨੀਆ ਭਰ ਦੇ ਸ਼ਰਨਾਰਥੀ ਆ ਕੇ ਵਸਦੇ ਹਨ। ਜਸਟਿਸ ਦੀਪਾਂਕਰ ਦੱਤਾ ਨੇ ਸੁਣਵਾਈ ਦੌਰਾਨ ਕਿਹਾ ਕਿ ਜਦੋਂ ਸਾਡੀ ਆਪਣੀ ਆਬਾਦੀ 140 ਕਰੋੜ ਤੋਂ ਵੱਧ ਹੈ, ਤਾਂ ਕੀ ਭਾਰਤ ਦੁਨੀਆ ਭਰ ਦੇ ਸ਼ਰਨਾਰਥੀਆਂ ਦਾ ਸਵਾਗਤ ਕਰ ਸਕਦਾ ਹੈ? ਇਹ ਕੋਈ ਧਰਮਸ਼ਾਲਾ ਨਹੀਂ ਹੈ ਜਿੱਥੇ ਅਸੀਂ ਦੁਨੀਆ ਭਰ ਦੇ ਲੋਕਾਂ ਦਾ ਸਵਾਗਤ ਕਰਦੇ ਹਾਂ। ਇਸ ਦੇ ਨਾਲ ਹੀ, ਅਦਾਲਤ ਨੇ ਸ਼੍ਰੀਲੰਕਾ ਦੇ ਇੱਕ ਤਾਮਿਲ ਵਿਅਕਤੀ ਨੂੰ ਹਿਰਾਸਤ ਵਿੱਚ ਲੈਣ ਦੇ ਮਾਮਲੇ ਵਿੱਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ। ਉਸ ਵਿਅਕਤੀ ਨੇ ਆਪਣੀ ਨਜ਼ਰਬੰਦੀ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਦਾਇਰ ਕੀਤੀ ਸੀ।

ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਕੇ. ਵਿਨੋਦ ਚੰਦਰਨ ਦੀ ਬੈਂਚ ਇਸ ਮਾਮਲੇ ਦੀ ਸੁਣਵਾਈ ਕਰ ਰਹੀ ਸੀ। ਸ਼੍ਰੀਲੰਕਾਈ ਤਾਮਿਲ ਨਾਗਰਿਕ ਨੇ ਮਦਰਾਸ ਹਾਈ ਕੋਰਟ ਦੇ ਉਸ ਹੁਕਮ ਨੂੰ ਚੁਣੌਤੀ ਦਿੱਤੀ ਸੀ ਜਿਸ ਵਿੱਚ ਉਸਨੂੰ ਆਪਣੀ ਸੱਤ ਸਾਲ ਦੀ ਸਜ਼ਾ ਪੂਰੀ ਹੋਣ ਤੋਂ ਤੁਰੰਤ ਬਾਅਦ ਦੇਸ਼ ਛੱਡਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਉਸ ਆਦਮੀ ਨੂੰ UAPA ਕੇਸ ਵਿੱਚ ਸੱਤ ਸਾਲ ਦੀ ਕੈਦ ਦੀ ਸਜ਼ਾ



ਸੁਣਾਈ ਗਈ ਸੀ, ਜੋ ਉਸਨੇ ਪੂਰੀ ਕਰ ਲਈ ਸੀ। ਹਾਲਾਂਕਿ, ਆਪਣੀ ਸਜ਼ਾ ਪੂਰੀ ਕਰਨ ਤੋਂ ਬਾਅਦ ਵੀ, ਸ਼੍ਰੀਲੰਕਾਈ ਤਾਮਿਲ ਨੇ ਭਾਰਤ ਵਿੱਚ ਰਹਿਣ ਦੀ ਇੱਛਾ ਜ਼ਾਹਰ ਕੀਤੀ ਸੀ। ਪਟੀਸ਼ਨਕਰਤਾ ਦੇ ਵਕੀਲ ਨੇ ਅਦਾਲਤ ਵਿੱਚ ਦਲੀਲ ਦਿੱਤੀ ਕਿ ਉਸਦਾ ਮੁਵੱਕਿਲ ਇੱਕ ਜਾਇਜ਼ ਵੀਜ਼ੇ ‘ਤੇ ਭਾਰਤ ਆਇਆ ਸੀ ਅਤੇ ਜੇਕਰ ਉਸਨੂੰ ਉਸਦੇ ਦੇਸ਼ ਵਾਪਸ ਭੇਜ ਦਿੱਤਾ ਗਿਆ ਤਾਂ ਉਸਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਵਕੀਲ ਨੇ ਇਹ ਵੀ ਕਿਹਾ ਕਿ ਪਟੀਸ਼ਨਕਰਤਾ ਨੂੰ ਬਿਨਾਂ ਕਿਸੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਦੇ ਲਗਭਗ ਤਿੰਨ ਸਾਲਾਂ ਤੋਂ ਹਿਰਾਸਤ ਵਿੱਚ ਰੱਖਿਆ ਗਿਆ ਹੈ।

ਇਸ ‘ਤੇ ਜਸਟਿਸ ਦੀਪਾਂਕਰ ਦੱਤਾ ਨੇ ਤਿੱਖੀ ਟਿੱਪਣੀ ਕਰਦਿਆਂ ਪੁੱਛਿਆ, “ਆਖ਼ਰਕਾਰ ਤੁਹਾਨੂੰ ਇੱਥੇ ਵਸਣ ਦਾ ਕੀ ਅਧਿਕਾਰ ਹੈ?” ਪਟੀਸ਼ਨਕਰਤਾ ਦੇ ਵਕੀਲ ਨੇ ਜਵਾਬ ਦਿੱਤਾ ਕਿ ਉਸਦਾ ਮੁਵੱਕਿਲ ਇੱਕ ਸ਼ਰਨਾਰਥੀ ਸੀ ਅਤੇ ਉਸਦੀ ਪਤਨੀ ਅਤੇ ਬੱਚੇ ਪਹਿਲਾਂ ਹੀ ਭਾਰਤ ਵਿੱਚ ਰਹਿ ਰਹੇ ਸਨ। ਇਸ ‘ਤੇ ਜਸਟਿਸ ਦੱਤਾ ਨੇ ਸਪੱਸ਼ਟ ਕੀਤਾ ਕਿ ਪਟੀਸ਼ਨਕਰਤਾ ਨੂੰ ਭਾਰਤ ਛੱਡਣ ਦਾ ਹੁਕਮ ਦੇਣਾ ਕਿਸੇ ਵੀ ਤਰ੍ਹਾਂ ਧਾਰਾ 21 (ਜੀਵਨ ਅਤੇ ਨਿੱਜੀ ਆਜ਼ਾਦੀ ਦੇ ਅਧਿਕਾਰ) ਦੀ ਉਲੰਘਣਾ ਨਹੀਂ ਹੈ। ਜਸਟਿਸ ਦੱਤਾ ਨੇ ਕਿਹਾ ਕਿ ਧਾਰਾ 19 ਦੇ ਤਹਿਤ, ਸਿਰਫ਼ ਭਾਰਤ ਦੇ ਨਾਗਰਿਕਾਂ ਨੂੰ ਹੀ ਭਾਰਤ ਵਿੱਚ ਵਸਣ ਦਾ ਅਧਿਕਾਰ ਹੈ। ਕਿਸੇ ਵੀ ਬਾਹਰੀ ਵਿਅਕਤੀ ਨੂੰ ਇੱਥੇ ਆ ਕੇ ਵਸਣ ਦਾ ਅਧਿਕਾਰ ਨਹੀਂ ਹੈ। ਜਦੋਂ ਵਕੀਲ ਨੇ ਦੁਬਾਰਾ ਆਪਣੀ ਜਾਨ ਨੂੰ ਖ਼ਤਰਾ ਹੋਣ ਦਾ ਡਰ ਜ਼ਾਹਰ ਕੀਤਾ ਤਾਂ ਜਸਟਿਸ ਦੱਤਾ ਨੇ ਕਿਹਾ ਕਿ ਉਹ ਕਿਸੇ ਹੋਰ ਦੇਸ਼ ਜਾ ਸਕਦਾ ਹੈ।

# ਪਾਕਿ ਦੇ ਨਿਸ਼ਾਨੇ ’ਤੇ ਸੀ ਸ੍ਰੀ ਹਰਿਮੰਦਰ ਸਾਹਿਬ ਤੇ ਪੰਜਾਬ ਦੇ ਕਈ ਸ਼ਹਿਰ

**ਅੰਮ੍ਰਿਤਸਰ।** ਭਾਰਤੀ ਫੌਜ ਨੇ ਓਪਰੇਸ਼ਨ ਸਿੰਦੂਰ ਦੌਰਾਨ ਪਾਕਿਸਤਾਨ ਵੱਲੋਂ ਅੰਮ੍ਰਿਤਸਰ ’ਚ ਹਰਿਮੰਦਰ ਸਾਹਿਬ ਸਣੇ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ ਕੀਤੇ ਜਾਣ ਵਾਲੇ ਸੰਭਾਵੀ ਮਿਜ਼ਾਈਲ ਤੇ ਡਰੋਨ ਹਮਲਿਆਂ ਨੂੰ ਭਾਰਤੀ ਹਵਾਈ ਸੈਨਾ ਦੀ ਮਜ਼ਬੂਤ ਰੱਖਿਆ ਪ੍ਰਣਾਲੀ ਦੀ ਮਦਦ ਨਾਲ ਨਾਕਾਮ ਬਣਾਉਣ ਦਾ ਦਾਅਵਾ ਕੀਤਾ ਹੈ। ਫੌਜ ਨੇ ਮੀਡੀਆ ਨੂੰ ਪਾਕਿਸਤਾਨੀ ਮਿਜ਼ਾਈਲਾਂ ਤੇ ਡਰੋਨ ਦੇ ਮਲਬੇ ਦਿਖਾਏ, ਜਿਸ ਨੂੰ ਭਾਰਤੀ ਹਵਾਈ ਸੈਨਾ ਨੇ ਹਵਾ ਵਿਚ ਹੀ ਫੁੰਡ ਕੇ ਤਬਾਹ ਕਰ ਦਿੱਤਾ ਸੀ।

15 ਇਨਫੈਂਟਰੀ ਡਿਵੀਜ਼ਨ ਦੇ ਜਨਰਲ ਆਫੀਸਰ ਕਮਾਂਡਿੰਗ (ਘੌਛ) ਮੇਜਰ ਜਨਰਲ ਕਾਰਤਿਕ ਸੀ. ਸ਼ੇਸ਼ਾਧਰੀ ਨੇ ਕਿਹਾ, ‘‘22 ਅਪਰੈਲ ਨੂੰ ਪਾਕਿਸਤਾਨ ਦੀ ਫੌਜ ਨੇ ਆਪਣੇ ਸਿਖਲਾਈਯਾਫ਼ਤਾ ਦਹਿਸ਼ਤਗਰਦਾਂ ਜ਼ਰੀਏ ਪਹਿਲਗਾਮ ਵਿਚ ਨਿਹੱਥੇ ਸੈਲਾਨੀਆਂ ’ਤੇ ਹਮਲਾ ਕਰਵਾਇਆ, ਜਿਸ ਬਾਰੇ ਕੁੱਲ ਆਲਮ ਜਾਣਦਾ ਹੈ। ਇਸ ਮਗਰੋਂ ਪੂਰੇ ਦੇਸ਼ ਵਿਚ ਫੁੱਟੇ ਗੁੱਸੇ ਦਰਮਿਆਨ ਭਾਰਤ ਨੇ ਮਜ਼ਬੂਤ ਅਗਵਾਈ ਵਿਚ ਓਪਰੇਸ਼ਨ ਸਿੰਦੂਰ ਦੀ ਸ਼ੁਰੂਆਤ ਕੀਤੀ।’’



ਉਨ੍ਹਾਂ ਦੱਸਿਆ ਕਿ ਓਪਰੇਸ਼ਨ ਸਿੰਦੂਰ ਤਹਿਤ ਭਾਰਤੀ ਫੌਜ ਨੇ ਸਿਰਫ਼ ਦਹਿਸ਼ਤੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਤੇ ਇਸ ਦੌਰਾਨ ਕਿਸੇ ਆਮ ਨਾਗਰਿਕ ਜਾਂ ਫੌਜੀ ਟਿਕਾਣੇ ਨੂੰ ਨੁਕ-ਸਾਨ ਨਹੀਂ ਪਹੁੰਚਾਇਆ। ਪਰ ਪਾਕਿਸਤਾਨ ਵੱਲੋਂ 7 ਮਈ ਦੀ ਰਾਤ ਨੂੰ ਜਾਣਕਾਰੀ ਮਿਲੀ ਕਿ ਉਥੋਂ ਦੀ ਫੌਜ ਧਾਰਮਿਕ ਅਸਥਾਨਾਂ, ਖਾਸ ਤੌਰ ’ਤੇ ਅੰਮ੍ਰਿਤਸਰ ਸਥਿਤ ਹਰਿਮੰਦਰ ਸਾਹਿਬ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਬਣਾ ਰਹੀ ਹੈ।

ਮੇਜਰ ਜਨਰਲ ਸ਼ੇਸ਼ਾਧਰੀ ਨੇ ਕਿਹਾ, ‘‘ਪਾਕਿ-ਸਤਾਨ ਦਾ ਇਰਾਦਾ ਹਰਿਮੰਦਰ ਸਾਹਿਬ ’ਤੇ ਮਿਜ਼ਾਈਲਾਂ ਤੇ ਡਰੋਨਾਂ ਨਾਲ ਹਮਲਾ ਕਰਨ ਦਾ ਸੀ। ਸਾਨੂੰ ਜਿਵੇਂ ਹੀ ਪੁਖ਼ਤਾ ਜਾਣਕਾਰੀ ਮਿਲੀ, ਅਸੀਂ ਫੌਰੀ ਹਰਕਤ ਵਿਚ ਆਉਂਦਿਆਂ ਆਧੁਨਿਕ ਹਵਾਈ ਰੱਖਿਆ ਪ੍ਰਣਾਲੀਆਂ ਜਿਵੇਂ ਆਕਾਸ਼ ਮਿਜ਼ਾਈਲ ਸਿਸਟਮ ਤੇ ਲ-70 ਏਅਰ ਡਿਫੈਂਸ ਗੰਨ ਤਾਇਨਾਤ ਕੀਤੀ। ਅਸੀਂ ਹਰਿਮੰਦਰ ਸਾਹਿਬ ਵੱਲ ਇਕ ਮਿਜ਼ਾਈਲ ਜਾਂ ਡਰੋਨ ਨਹੀਂ ਆਉਣ ਦਿੱਤਾ।’’ ਉਨ੍ਹਾਂ ਅੱਗੇ ਚੇਤਾਵਨੀ ਦਿੱਤੀ, ‘ਜੇ ਪਾਕਿਸਤਾਨ ਨੇ ਮੁੜ ਦਹਿਸ਼ਤਗਰਦਾਂ ਦਾ ਸਹਾਰਾ ਲਿਆ ਤਾਂ ਉਨ੍ਹਾਂ ਨੂੰ ਗੰਭੀਰ ਸਿੱਟੇ ਭੁਗਤਣੇ ਹੋਣਗੇ। ਓਪਰੇਸ਼ਨ ਸਿੰਦੂਰ ਸਿਰਫ਼ ਮੁਲਤਵੀ ਕੀਤਾ ਹੈ, ਸਮਾਪਤ ਨਹੀਂ ਹੋਇਆ। ਇਸ ਦਾ ਅਗਲਾ ਪੜਾਅ ਵਧੇਰੇ ਫੈਸਲਾਕੁਨ ਤੇ ਵਿਆਪਕ ਹੋਵੇਗਾ।’’ ਭਾਰਤੀ ਫੌਜ ਵੱਲੋਂ ਦਿਖਾਈਆਂ ਗਈਆਂ ਨੁਕਸਾਨੀਆਂ ਮਿਜ਼ਾਈਲ ਤੇ ਡਰੋਨ ਇਸ ਗੱਲ ਦਾ ਸਬੂਤ ਸੀ ਕਿ ਭਾਰਤੀ ਦੀਆਂ ਤਿਆਰੀ ਹਰ ਪੱਧਰ ’ਤੇ ਮਜ਼ਬੂਤ ਹਨ ਤੇ ਪਾਕਿਸਤਾਨ ਦੀ ਕਿਸੇ ਵੀ ਹਿਮਾਕਤ ਦਾ ਢੁੱਕਵਾਂ ਜਵਾਬ ਦੇਣ ਦੇ ਸਮਰੱਥ ਹਨ।

ਇਸ ਦੌਰਾਨ ਭਾਰਤੀ ਫੌਜ ਦੇ ਇਕ ਜਵਾਨ ਨੇ ਕਿਹਾ, ‘‘ਇਸ ਵੇਲੇ ਅਸੀਂ ਓਪਰੇਸ਼ਨ ਸਿੰਦੂਰ ਦਾ ਹਿੱਸਾ ਹਾਂ। 8-9 ਮਈ ਦੀ ਰਾਤ ਨੂੰ ਦੁਸ਼ਮਣ ਨੇ ਸਾਡੇ ’ਤੇ ਅਚਾਨਕ ਫਾਇਰਿੰਗ ਕੀਤੀ ਤੇ ਘੁਸਪੈਠ ਦੀ ਕੋਸ਼ਿਸ਼ ਕੀਤੀ। ਅਸੀਂ ਦੁਸ਼ਮਣ ’ਤੇ ਸਟੀਕ ਫਾਇਰਿੰਗ ਕੀਤੀ ਤੇ ਉਸ ਦੀ ਘੁਸਪੈਠ ਦੀ ਕੋਸ਼ਿਸ਼ ਨਾਕਾਮ ਕਰ ਦਿੱਤੀ। ਸਾਡੇ ਵੱਲੋਂ ਕੀਤੀ ਫਾਇਰਿੰਗ ਦਾ ਹੀ ਨਤੀਜਾ ਸੀ ਕਿ ਸਵੇਰ ਤੱਕ ਦੁਸ਼ਮਣ ਗੋਡਿਆਂ ’ਤੇ ਆ ਗਿਆ ਤੇ ਆਪਣੀ ਪੋਸਟ ’ਤੇ ਸਫ਼ੇਦ ਝੰਡਾ ਲਹਿਰਾ ਦਿੱਤਾ। ਅਸੀਂ ਆਪਣੇ ਦੇਸ਼ਵਾਸੀਆਂ ਨੂੰ ਯਕੀਨ ਦਿਵਾਉਂਦੇ ਹਾਂ ਕਿ ਜਦੋਂ ਤੱਕ ਦੇਸ਼ ਦੀਆਂ ਸਰਹੱਦਾਂ ’ਤੇ ਭਾਰਤੀ ਫੌਜ ਤਾਇਨਾਤ ਹੈ, ਉਦੋਂ ਤੱਕ ਕੋਈ ਵੀ ਦੇਸ਼ ਸਾਡੇ ਵੱਲ ਅੱਖ ਚੁੱਕ ਕੇ ਨਹੀਂ ਦੇਖ ਸਕਦਾ।’’

# ਹਾਈ ਕੋਰਟ ਦੇ ਸਾਰੇ ਜੱਜ ਪੂਰੀ ਪੈਨਸ਼ਨ ਦੇ ਹੱਕਦਾਰ : ਸੁਪਰੀਮ ਕੋਰਟ

**ਨਵੀਂ ਦਿਲੀ।** ਸੋਮਵਾਰ ਨੂੰ ਇਕ ਮਹੱਤਵਪੂਰਨ ਫ਼ੈਸਲੇ ਵਿਚ ਸੁਪਰੀਮ ਕੋਰਟ ਨੇ ਕਿਹਾ ਕਿ ਹਾਈ ਕੋਰਟ ਦੇ ਸਾਰੇ ਜੱਜ, ਜਿਨ੍ਹਾਂ ਵਿਚ ਵਾਧੂ ਜੱਜ ਵੀ ਸ਼ਾਮਲ ਹਨ, ਪੂਰੀ ਪੈਨਸ਼ਨ ਅਤੇ ਸੇਵਾਮੁਕਤੀ ਲਾਭਾਂ ਦੇ ਹੱਕਦਾਰ ਹੋਣਗੇ। ਸੁਪਰੀਮ ਕੋਰਟ ਨੇ ਕਿਹਾ ਕਿ ਹਾਈ ਕੋਰਟ ਦੇ ਸਾਬਕਾ ਮੁੱਖ ਜੱਜਾਂ ਨੂੰ ਪੈਨਸ਼ਨ ਵਜੋਂ 15 ਲੱਖ ਰੁਪਏ ਸਾਲਾਨਾ ਮਿਲਣਗੇ। ਚੀਫ਼ ਜਸਟਿਸ ਬੀ.ਆਰ. ਗਵਈ ਤੇ ਜਸਟਿਸ ਆਗਸਟੀਨ ਜਾਰਜ ਕ੍ਰਾਈਸਟ ਦੇ ਬੈਂਚ ਨੇ ਕਿਹਾ ਕਿ ਪੈਨਸ਼ਨ ਦੇਣ ਤੋਂ ਇਨਕਾਰ ਕਰਨਾ ਸੰਵਿਧਾਨ ਦੀ ਧਾਰਾ 14 ਦੇ ਤਹਿਤ ਸਮਾਨਤਾ ਦੇ ਅਧਿਕਾਰ ਦੀ ਉਲੰਘਣਾ ਕਰੇਗਾ। ਬੈਂਚ ਨੇ ਕਿਹਾ ਕਿ ਉਨ੍ਹਾਂ ਸਾਰਿਆਂ ਨੂੰ ਪੂਰੀ ਪੈਨਸ਼ਨ ਦਿਤੀ ਜਾਵੇਗੀ, ਭਾਵੇਂ ਉਨ੍ਹਾਂ ਦੀ ਨਿਯੁਕਤੀ ਕਦੋਂ ਹੋਈ ਹੋਵੇ ਅਤੇ ਉਹ ਵਾਧੂ ਜੱਜਾਂ ਵਜੋਂ ਸੇਵਾਮੁਕਤ ਹੋਏ ਹੋਣ ਜਾਂ ਬਾਅਦ ਵਿਚ ਸਥਾਈ ਕੀਤੇ ਗਏ ਹੋਣ। ਬੈਂਚ ਨੇ ਕਿਹਾ ਕਿ ਨਿਯੁਕਤੀ ਦੇ ਸਮੇਂ ਜਾਂ ਅਹੁਦੇ ਦੇ ਆਧਾਰ 'ਤੇ ਜੱਜਾਂ ਵਿਚਕਾਰ ਵਿਤਕਰਾ ਕਰਨਾ ਇਸ ਮੌਲਿਕ ਅਧਿਕਾਰ ਦੀ ਉਲੰਘਣਾ ਹੈ। ਫ਼ੈਸਲਾ ਸੁਣਾਉਂਦੇ ਹੋਏ, ਚੀਫ਼ ਜਸਟਿਸ ਨੇ ਕਿਹਾ ਕਿ ਹਾਈ ਕੋਰਟ ਦੇ ਅਜਿਹੇ ਵਧੀਕ ਜੱਜਾਂ ਦੇ ਪਰਿਵਾਰ ਜੋ ਹੁਣ ਜ਼ਿੰਦਾ ਨਹੀਂ ਹਨ, ਉਹ ਵੀ ਸਥਾਈ ਜੱਜਾਂ ਦੇ ਪਰਿਵਾਰਾਂ ਦੇ ਬਰਾਬਰ ਪੈਨਸ਼ਨ ਅਤੇ ਸੇਵਾਮੁਕਤੀ ਲਾਭਾਂ ਦੇ ਹੱਕਦਾਰ ਹਨ। ਬੈਂਚ ਨੇ ਕਿਹਾ ਕਿ ਉਸ ਨੇ ਸੰਵਿਧਾਨ ਦੀ ਧਾਰਾ 200 ਦਾ ਨੋਟਿਸ ਲਿਆ ਹੈ ਜੋ ਹਾਈ ਕੋਰਟ ਦੇ ਸੇਵਾਮੁਕਤ ਜੱਜਾਂ



ਨੂੰ ਦੇਣਯੋਗ ਪੈਨਸ਼ਨ ਨਾਲ ਸਬੰਧਤ ਹੈ। ਬੈਂਚ ਵਲੋਂ ਕਿਹਾ ਗਿਆ ਕਿ ਸਾਡਾ ਵਿਚਾਰ ਹੈ ਕਿ (ਹਾਈ ਕੋਰਟ) ਦੇ ਜੱਜਾਂ ਵਿਚ ਸੇਵਾਮੁਕਤੀ ਤੋਂ ਬਾਅਦ ਦੇ ਲਾਭਾਂ ਲਈ ਕੋਈ ਵੀ ਵਿਤਕਰਾ ਧਾਰਾ 14 ਦੀ ਉਲੰਘਣਾ ਹੋਵੇਗਾ। ਇਸ ਲਈ ਅਸੀਂ ਮੰਨਦੇ ਹਾਂ ਕਿ ਸਾਰੇ ਹਾਈ ਕੋਰਟ ਦੇ ਜੱਜ, ਉਨ੍ਹਾਂ ਦੀ ਜੁਆਇਨਿੰਗ ਦੀ ਮਿਆਦ ਦੀ ਪਰਵਾਹ ਕੀਤੇ ਬਿਨਾਂ, ਪੂਰੀ ਪੈਨਸ਼ਨ ਦੇ ਹੱਕਦਾਰ ਹਨ। ਬੈਂਚ ਨੇ ਕਿਹਾ ਕਿ ਹਾਈ ਕੋਰਟ ਦੇ ਵਾਧੂ ਜੱਜਾਂ ਵਜੋਂ ਸੇਵਾਮੁਕਤ ਹੋਣ ਵਾਲੇ ਜੱਜਾਂ ਨੂੰ ਪੂਰੀ ਪੈਨਸ਼ਨ ਮਿਲੇਗੀ ਅਤੇ ਜੱਜਾਂ ਅਤੇ ਵਾਧੂ ਜੱਜਾਂ ਵਿਚਕਾਰ ਕੋਈ ਵੀ ਅੰਤਰ ਇਸ ਸ਼ਰਤ ਦੀ ਉਲੰਘਣਾ ਹੋਵੇਗਾ। ਬੈਂਚ ਨੇ ਕਿਹਾ ਕਿ ਭਾਰਤ ਸੰਘ ਹਾਈ ਕੋਰਟਾਂ ਦੇ ਜੱਜਾਂ, ਜਿਨ੍ਹਾਂ ਵਿਚ ਵਾਧੂ ਜੱਜ ਵੀ ਸ਼ਾਮਲ ਹਨ, ਨੂੰ ਪ੍ਰਤੀ ਸਾਲ 13.50 ਲੱਖ ਰੁਪਏ ਦੀ ਪੂਰੀ ਪੈਨਸ਼ਨ ਦੇਵੇਗਾ। ਸੁਪਰੀਮ ਕੋਰਟ ਨੇ 28 ਜਨਵਰੀ ਨੂੰ ਪਟੀਸ਼ਨਾਂ ਦੇ ਇਕ ਸਮੂਹ 'ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ, ਜਿਸ ਵਿਚ ਜ਼ਿਲ੍ਹਾ ਨਿਆਂਪਾਲਿਕਾ ਤੇ ਹਾਈ ਕੋਰਟ ਵਿਚ ਸੇਵਾ ਦੀ ਮਿਆਦ ਨੂੰ ਧਿਆਨ ਵਿਚ ਰੱਖਦੇ ਹੋਏ ਪੈਨਸ਼ਨ ਦੇ ਮੁੜ ਨਿਰਧਾਰਨ ਸਬੰਧੀ ਇਕ ਪਟੀਸ਼ਨ ਵੀ ਸ਼ਾਮਲ ਸੀ।

## ਪੰਜਾਬ ਤੇ ਹਰਿਆਣਾ 'ਚ ਪਾਰਾ 45 ਡਿਗਰੀ ਤੋਂ ਪਾਰ

**ਚੰਡੀਗੜ੍ਹ।** ਪੰਜਾਬ ਅਤੇ ਹਰਿਆਣਾ ਵਿੱਚ ਵਧੀ ਗਰਮੀ ਕਾਰਨ ਜਨ-ਜੀਵਨ ਪ੍ਰਭਾਵਿਤ ਹੋਇਆ ਹੈ। ਗਰਮੀ ਵਧਣ ਕਾਰਨ ਚੱਲ ਰਹੀਆਂ ਗਰਮ ਹਵਾਵਾਂ ਨੇ ਲੋਕਾਂ ਦਾ ਘਰਾਂ ਵਿੱਚੋਂ ਬਾਹਰ ਨਿਕਲਣਾ ਮੁਸ਼ਕਲ ਕਰ ਦਿੱਤਾ ਹੈ। ਅੱਜ ਪੰਜਾਬ ਤੇ ਹਰਿਆਣਾ ਦਾ ਤਾਪਮਾਨ 45 ਡਿਗਰੀ ਸੈਲਸੀਅਸ ਤੋਂ ਪਾਰ ਪਹੁੰਚ ਗਿਆ ਹੈ। ਬਠਿੰਡਾ ਏਅਰਪੋਰਟ ਦਾ ਇਲਾਕਾ ਸਭ ਤੋਂ ਗਰਮ ਰਿਹਾ ਹੈ, ਜਿੱਥੇ ਵੱਧ ਤੋਂ ਵੱਧ ਤਾਪਮਾਨ 45.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ ਜਦੋਂਕਿ ਹਰਿਆਣਾ ਦਾ ਰੋਹਤਕ ਸ਼ਹਿਰ ਸਭ ਤੋਂ ਗਰਮ ਰਿਹਾ ਹੈ। ਉੱਥੇ ਵੀ ਵੱਧ ਤੋਂ ਵੱਧ ਤਾਪਮਾਨ 45.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਇਸ ਦੇ ਨਾਲ ਹੀ ਦੋਵਾਂ ਸੂਬਿਆਂ ਦੇ ਲੋਕਾਂ ਨੂੰ 19 ਮਈ ਤੋਂ ਬਾਅਦ ਦੁਪਹਿਰ ਤੋਂ ਗਰਮੀ ਤੋਂ ਮਾਮੂਲੀ ਰਾਹਤ ਮਿਲਣ ਦੀ ਸੰਭਾਵਨਾ ਹੈ। ਪੰਜਾਬ ਵਿੱਚ ਗਰਮੀ ਵਧਣ ਦੇ ਨਾਲ ਹੀ ਹਰ ਵਰਗ ਦੇ ਲੋਕਾਂ ਦੀਆਂ ਮੁਸ਼ਕਲਾਂ ਵਧ ਰਹੀਆਂ ਹਨ। ਕੰਮ-ਕਾਜੀ ਲੋਕਾਂ ਨੂੰ ਡਿਊਟੀ 'ਤੇ ਜਾਣ ਸਮੇਂ



ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖੇਤਾਂ ਵਿੱਚ ਖੇਤੀ ਕਰਨ ਸਮੇਂ ਕਿਸਾਨਾਂ ਨੂੰ ਵੀ ਮੁਸ਼ਕਲ ਆ ਰਹੀ ਹੈ। ਗਰਮੀ ਵਧਣ ਕਰਕੇ ਹਸਪਤਾਲਾਂ ਵਿੱਚ ਵੀ ਮਰੀਜ਼ਾਂ ਦੀ ਗਿਣਤੀ ਆਮ ਦਿਨਾਂ ਦੇ ਮੁਕਾਬਲੇ ਵਧ ਗਈ ਹੈ। ਮੌਸਮ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਦੋਵਾਂ ਸੂਬਿਆਂ ਵਿੱਚ 19 ਮਈ ਦੁਪਹਿਰ ਤੋਂ ਬਾਅਦ ਮੌਸਮ ਆਪਣਾ ਮਿਜ਼ਾਜ ਬਦਲ ਸਕਦਾ ਹੈ। ਇਸ ਦੌਰਾਨ 40 ਤੋਂ 50 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲਣਗੀਆਂ ਅਤੇ ਬਿਜਲੀ ਲਿਸ਼ਕਣ ਦੇ ਨਾਲ ਹੀ ਕਈ ਥਾਵਾਂ 'ਤੇ ਹਲਕਾ ਤੇ ਦਰਮਿਆਨਾ ਮੀਂਹ ਪੈ ਸਕਦਾ ਹੈ।

## ਕਰਨਲ ਸੋਫ਼ੀਆ ਕੁਰੈਸ਼ੀ 'ਤੇ ਟਿੱਪਣੀ ਲਈ ਭਾਜਪਾ ਮੰਤਰੀ ਦੀ ਮੁਆਫ਼ੀ ਸੁਪਰੀਮ ਕੋਰਟ ਨੇ ਕੀਤੀ ਰੱਦ





**ਨਵੀਂ ਦਿਲੀ।** ਅੱਜ ਸੁਪਰੀਮ ਕੋਰਟ ਨੇ ਕਿਹਾ ਕਿ ਤਿੰਨ ਸੀਨੀਅਰ ਆਈਪੀਐਸ ਅਧਿਕਾਰੀਆਂ ਵਾਲੀ ਇਕ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਨੂੰ ਕਰਨਲ ਸੋਫ਼ੀਆ ਕੁਰੈਸ਼ੀ ਵਿਰੁਧ ਟਿੱਪਣੀ ਕਰਨ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਮੰਤਰੀ ਕੁੰਵਰ ਵਿਜੇ ਸ਼ਾਹ ਵਿਰੁਧ ਐਫ਼ਆਈਆਰ ਦੀ ਜਾਂਚ ਕਰਨੀ ਚਾਹੀਦੀ ਹੈ। ਅਦਾਲਤ ਨੇ ਕਿਹਾ ਕਿ ਇਸ ਟੀਮ ਵਿਚ ਸ਼ਾਮਲ ਕੋਈ ਵੀ ਅਧਿਕਾਰੀ ਮੱਧ ਪ੍ਰਦੇਸ਼ ਰਾਜ ਦਾ ਨਹੀਂ ਹੋਵੇਗਾ। ਨਾਲ ਆਉਣ ਵਾਲੇ ਅਧਿਕਾਰੀਆਂ ਵਿਚੋਂ ਇਕ ਔਰਤ ਵੀ ਹੋਣੀ ਚਾਹੀਦੀ ਹੈ। ਅਦਾਲਤ ਨੇ ਮੱਧ ਪ੍ਰਦੇਸ਼ ਦੇ ਡੀਜੀਪੀ ਨੂੰ ਮੰਗਲਵਾਰ ਸਵੇਰੇ 10 ਵਜੇ ਤਕ ਐਸਆਈਟੀ ਦਾ ਗਠਨ ਕਰਨ ਦਾ ਨਿਰਦੇਸ਼ ਦਿਤਾ। ਇਸਦੀ ਅਗਵਾਈ ਆਈਜੀਪੀ ਦੁਆਰਾ ਕੀਤੀ ਜਾਣੀ ਚਾਹੀਦੀ ਹੈ ਅਤੇ ਦੋਵੇਂ ਮੈਂਬਰ ਐਸਪੀ ਜਾਂ ਇਸ ਤੋਂ ਉੱਪਰ ਦੇ ਰੈਂਕ ਦੇ ਹੋਣੇ ਚਾਹੀਦੇ ਹਨ। ਅਦਾਲਤ ਨੇ ਮੱਧ ਪ੍ਰਦੇਸ਼ ਹਾਈ ਕੋਰਟ ਦੇ ਅਪਣੇ-ਆਪ ਨਿਰਦੇਸ਼ਾਂ ਤੋਂ ਬਾਅਦ ਦਰਜ ਕੀਤੀ ਐਫ਼ਆਈਆਰ ਵਿਚ ਵਿਜੇ ਸ਼ਾਹ ਦੀ ਗ੍ਰਿਫ਼ਤਾਰੀ 'ਤੇ ਵੀ ਰੋਕ ਲਗਾ ਦਿਤੀ, ਇਸ ਸ਼ਰਤ 'ਤੇ ਕਿ ਉਹ ਜਾਂਚ ਵਿਚ ਸ਼ਾਮਲ ਹੋਣ ਅਤੇ ਪੂਰਾ ਸਹਿਯੋਗ ਕਰਨ। ਬੈਂਚ ਨੇ ਹਾਲਾਂਕਿ ਕਿਹਾ ਕਿ ਉਹ ਜਾਂਚ ਦੀ ਨਿਗਰਾਨੀ ਨਹੀਂ ਕਰਨਾ ਚਾਹੁੰਦਾ ਪਰ SIT ਨੂੰ ਨਤੀਜੇ 'ਤੇ ਸਪੱਸ਼ਟ ਸਥਿਤੀ ਦੀ ਰਿਪੋਰਟ ਪੇਸ਼ ਕਰਨ ਲਈ ਕਿਹਾ। ਮਾਮਲੇ ਦੀ ਅਗਲੀ ਸੁਣਵਾਈ 28 ਮਈ ਨੂੰ ਹੋਵੇਗੀ। ਸੁਣਵਾਈ ਦੌਰਾਨ, ਅਦਾਲਤ ਨੇ ਸ਼ਾਹ ਨੂੰ ਉਨ੍ਹਾਂ ਦੀਆਂ ਟਿੱਪਣੀਆਂ ਲਈ ਫਟਕਾਰ ਲਗਾਈ, ਉਨ੍ਹਾਂ ਨੂੰ 'ਗੰਦਾ, ਅਸਭਿਅਕ ਅਤੇ ਸ਼ਰਮਨਾਕ' ਕਿਹਾ ਅਤੇ ਉਨ੍ਹਾਂ ਦੀ ਜਨਤਕ ਮੁਆਫ਼ੀ ਨੂੰ ਰੱਦ ਕਰ ਦਿਤਾ ਗਿਆ ਤੇ ਇਸ ਨੂੰ ਬੇਈਮਾਨੀ ਕਿਹਾ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਡੀ ਪੀ ਆਰ ਓ ਸ੍ਰੀ ਹਾਕਮ ਥਾਪਰ ਨੂੰ ਪਦਉਨਤ ਕਰਕੇ ਡਿਪਟੀ ਡਾਇਰੈਕਟਰ ਜਲੰਧਰ ਕੀਤਾ ਨਿਯੁਕਤ



**ਸਰੀ/ਵੈਨਕੂਵਰ (ਕੁਲਦੀਪ ਚੁੰਬਰ)**–ਪੰਜਾਬ ਸਰਕਾਰ ਵਲੋਂ ਸ੍ਰੀ ਹਾਕਮ ਥਾਪਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਜਲੰਧਰ ਨੂੰ ਬਤੌਰ ਡਿਪਟੀ ਡਾਇਰੈਕਟਰ ਪਦਉਨਤ ਕਰਕੇ ਜਲੰਧਰ ਵਿਖੇ ਤਾਇਨਾਤ ਕੀਤਾ ਗਿਆ। ਸ੍ਰੀ ਹਾਕਮ ਥਾਪਰ ਵਲੋਂ ਬਤੌਰ ਡਿਪਟੀ ਡਾਇਰੈਕਟਰ ਤਰੱਕੀ ਪਾਉਣਾ ਜਲੰਧਰ ਜ਼ਿਲ੍ਹੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਲੋਕ ਸੰਪਰਕ ਵਿਭਾਗ ਦੇ ਸਾਬਕਾ ਅਧਿਕਾਰੀ ਅਤੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਮਿਹਨਤੀ, ਸਿਰੜੀ ਤੇ ਆਪਣੇ ਕੰਮ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਅਧਿਕਾਰੀ ਸ੍ਰੀ ਹਾਕਮ ਥਾਪਰ ਨੂੰ ਪ੍ਰਮਾਤਮਾ ਦਿਨ ਦੁੱਗਣੀ ਤੇ ਰਾਤ ਚੌਗੁਣੀ ਤਰੱਕੀ ਬਖਸ਼ਣ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪਾਕਿ ਲਈ ਜਾਸੂਸੀ: ਪੰਜਾਬ, ਹਰਿਆਣਾ ਅਤੇ ਯੂਪੀ ਵਿਚ ਹੁਣ ਤੱਕ 12 ਕਥਿਤ ਜਾਸੂਸ ਗ੍ਰਿਫ਼ਤਾਰ

**ਚੰਡੀਗੜ੍ਹ/ਲਖਨਊ** । ਪਿਛਲੇ ਦੋ ਹਫ਼ਤਿਆਂ ਵਿਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਤੋਂ ਇਕ ਯੂਟਿਊਬਰ ਸਮੇਤ ਘੱਟੋ-ਘੱਟ 12 ਵਿਅਕਤੀਆਂ ਨੂੰ ਪਾਕਿ-ਸਤਾਨ ਲਈ ਜਾਸੂਸੀ ਕਰਨ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਹੁਣ ਤੱਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਹ ਕਥਿਤ ਤੌਰ 'ਤੇ ਉੱਤਰੀ ਭਾਰਤ ਵਿੱਚ ਕੰਮ ਕਰ ਰਹੇ ਪਾਕਿਸਤਾਨ ਨਾਲ ਜੁੜੇ ਜਾਸੂਸੀ ਨੈੱਟਵਰਕ ਦਾ ਹਿੱਸਾ ਸਨ।

ਜ਼ਿਕਰਯੋਗ ਹੈ ਕਿ ਗ੍ਰਿਫ਼ਤਾਰ ਕੀਤੇ ਗਏ 12 ਵਿੱਚੋਂ 6 ਨੂੰ ਪੰਜਾਬ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਚਾਰ ਨੂੰ ਗੁਆਂਢੀ ਹਰਿਆਣਾ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਵਿੱਚੋਂ ਹਰਿਆਣਾ ਦੇ ਯੂਟਿਊਬਰ ਸਮੇਤ ਦੋ ਔਰਤਾਂ ਕਥਿਤ ਤੌਰ 'ਤੇ ਨਵੀਂ ਦਿੱਲੀ ਵਿਖੇ ਪਾਕਿਸਤਾਨ ਹਾਈ ਕਮਿਸ਼ਨ ਵਿਚ ਤਾਇਨਾਤ ਪਾਕਿਸਤਾਨੀ ਅਧਿਕਾਰੀ ਅਹਿਸਾਨ-ਉਰ-ਰਹੀਮ ਉਰਫ਼ ਦਾਨਿਸ਼ ਦੇ ਸੰਪਰਕ ਵਿੱਚ ਸਨ। ਜਿਸ ਨੂੰ 13 ਮਈ ਨੂੰ ਭਾਰਤ ਵਿਰੁੱਧ ਜਾਸੂਸੀ ਵਿਚ ਸ਼ਾਮਲ ਹੋਣ ਦੇ ਦੋਸ਼ ਵਿੱਚ ਕੱਢ ਦਿੱਤਾ। ਅਧਿਕਾਰੀਆਂ ਨੇ ਕਿਹਾ ਕਿ ਹੁਣ ਤੱਕ ਦੀ ਪੁਲੀਸ ਜਾਂਚ ਤੋਂ ਪਤਾ ਲੱਗਿਆ ਹੈ ਕਿ ਦੋਸ਼ੀ ਕਥਿਤ ਤੌਰ 'ਤੇ ਸੰਵੇਦਨਸ਼ੀਲ ਜਾਣਕਾਰੀ ਪਾਕਿਸਤਾਨੀ ਇੰਟੈਲੀਜੈਂਸ ਆਪਰੇਟਿਵਜ਼ (ਪੀਆਈਓਜ਼) ਨੂੰ ਦੇ ਰਹੇ ਸਨ। ਉਨ੍ਹਾਂ ਨੇ ਅੱਗੇ ਕਿਹਾ ਕਿ ਉਨ੍ਹਾਂ ਦੇ ਵਿੱਤੀ ਲੈਣ-ਦੇਣ ਅਤੇ ਇਲੈਕਟ੍ਰਾਨਿਕ ਡਿਵਾਈਸਾਂ ਦੇ ਫੋਰੈਂਸਿਕ ਵਿਸ਼ਲੇਸ਼ਣ ਦੀ ਜਾਂਚ ਚੱਲ ਰਹੀ ਹੈ।

ਫੌਜੀ ਖੇਤਰਾਂ ਦੀ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਦੇ ਜ਼ਿਆਦਾਤਰ ਪੰਜਾਬ ਅਤੇ ਹਰਿਆਣਾ ਤੋਂ ਕਾਬੂ

ਅਜਨਾਲਾ ਤੋਂ 2 ਗ੍ਰਿਫ਼ਤਾਰ: 4 ਮਈ ਨੂੰ ਪੰਜਾਬ ਪੁਲੀਸ ਨੇ ਫਲਕਸ਼ੇਰ ਮਸੀਹ ਅਤੇ ਸੂਰਜ ਮਸੀਹ ਵਾਸੀ ਅਜਨਾਲਾ(ਅਜਨਾਲਾ) ਨੂੰ ਸਰਹੱਦੀ ਜ਼ਿਲ੍ਹੇ ਵਿਚ ਫੌਜ ਦੇ ਛਾਉਣੀ ਖੇਤਰਾਂ ਅਤੇ ਹਵਾਈ ਅੱਡਿਆਂ ਦੀਆਂ ਸੰਵੇਦਨਸ਼ੀਲ ਜਾਣਕਾਰੀ ਅਤੇ ਤਸਵੀਰਾਂ ਆਈਐੱਸਆਈ ਨੂੰ ਲੀਕ ਕਰਨ ਵਿਚ ਕਥਿਤ ਭੂਮਿਕਾ ਲਈ ਗ੍ਰਿਫ਼ਤਾਰ ਕੀਤਾ ਸੀ। ਪੁਲੀਸ ਨੇ ਕਿਹਾ ਸੀ ਕਿ ਦੋਵੇਂ ਕਥਿਤ ਤੌਰ 'ਤੇ ਪਾਕਿਸਤਾਨ ਵਿਚ ਆਪਣੇ ਹੈਂਡਲਰਾਂ ਨੂੰ ਫੌਜ ਦੀਆਂ ਗਤੀਵਿਧੀਆਂ, ਬੀਐੱਸਐੱਫ ਕੈਂਪਾਂ ਅਤੇ ਹਵਾਈ ਅੱਡਿਆਂ ਦੇ ਸਥਾਨ, ਫੋਟੋਆਂ ਅਤੇ ਹੋਰ ਸੰਵੇਦਨਸ਼ੀਲ ਡੇਟਾ ਵਰਗੀਆਂ ਮਹੱਤਵਪੂਰਨ ਜਾਣਕਾਰੀਆਂ ਇਕੱਠੀਆਂ ਕਰਨ ਅਤੇ ਸੰਚਾਰਿਤ ਕਰਨ ਵਿੱਚ ਸ਼ਾਮਲ ਸਨ।

ਪਾਕਿ ਅਧਿਕਾਰੀ ਨਾਲ ਜਾਣਕਾਰੀ ਸਾਂਝੀ ਕਰਨ ਵਾਲੇ 2 ਮਾਲੇਰਕੋਟਲਾ ਤੋਂ ਗ੍ਰਿਫ਼ਤਾਰ: 11 ਮਈ ਨੂੰ ਪੰਜਾਬ ਪੁਲੀਸ ਨੇ ਇਕ ਔਰਤ ਸਮੇਤ ਦੋ ਹੋਰ ਵਿਅਕਤੀਆਂ ਨੂੰ ਦਿੱਲੀ ਵਿਚ ਹਾਈ ਕਮਿਸ਼ਨ ਵਿਚ ਤਾਇਨਾਤ ਪਾਕਿਸਤਾਨੀ ਅਧਿਕਾਰੀ ਦਾਨਿਸ਼ ਨਾਲ ਜੁੜੀਆਂ ਜਾਸੂਸੀ ਗਤੀਵਿਧੀਆਂ ਵਿੱਚ ਕਥਿਤ ਸ਼ਮੂਲੀਅਤ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਦੋਸ਼ੀਆਂ ਦੀ ਪਛਾਣ 31 ਸਾਲਾ ਗੁਜ਼ਾਲਾ ਅਤੇ ਯਾਮੀਨ ਮੁਹੰਮਦ ਵਜੋਂ ਹੋਈ ਹੈ, ਦੋਵੇਂ ਮਲੇਰਕੋਟਲਾ ਦੇ ਰਹਿਣ ਵਾਲੇ ਹਨ। ਪੁਲੀਸ ਜਾਂਚ ਦੇ ਅਨੁਸਾਰ ਉਹ ਵਰਗੀਕ੍ਰਿਤ ਜਾਣਕਾਰੀ ਸਾਂਝੀ ਕਰਨ ਦੇ ਬਦਲੇ ਆਨਲਾਈਨ ਲੈਣ-ਦੇਣ ਰਾਹੀਂ ਭੁਗਤਾਨ ਪ੍ਰਾਪਤ ਕਰ ਰਹੇ ਸਨ।

ਪੁੱਛਗਿੱਛ ਦੌਰਾਨ ਗੁਜ਼ਾਲਾ ਨੇ ਕਥਿਤ ਤੌਰ 'ਤੇ ਨਵੀਂ ਦਿੱਲੀ ਵਿਚ ਪਾਕਿਸਤਾਨ ਹਾਈ ਕਮਿਸ਼ਨ ਵਿਚ ਤਾਇਨਾਤ ਪਾਕਿਸਤਾਨੀ ਅਧਿਕਾਰੀ ਨਾਲ ਭਾਰਤੀ ਫੌਜ ਦੀਆਂ ਗਤੀਵਿਧੀਆਂ ਬਾਰੇ ਗੁਪਤ ਜਾਣਕਾਰੀ ਸਾਂਝੀ ਕਰਨ ਦਾ ਇਕਬਾਲ ਕੀਤਾ। ਗੁਜ਼ਾਲਾ ਨੇ ਅੱਗੇ ਖੁਲਾਸਾ ਕੀਤਾ ਕਿ ਉਹ ਇਹ ਪੈਸੇ ਲਈ ਕਰ ਰਹੀ ਸੀ ਅਤੇ ਦੋਸ਼ੀ ਅਧਿਕਾਰੀ ਨੇ ਉਸ ਨੂੰ ਯੂਪੀਆਈ (ਯੂਨੀਫਾਈਡ ਪੇਮੈਂਟ ਇੰਟਰਫੇਸ) ਰਾਹੀਂ ਦੋ ਲੈਣ-ਦੇਣ (10,000 ਰੁਪਏ ਅਤੇ 20,000 ਰੁਪਏ) ਵਿਚ 30,000 ਰੁਪਏ ਭੇਜੇ ਸਨ।

19 ਮਈ ਨੂੰ ਦੋ ਨੌਜਵਾਨ ਗ੍ਰਿਫ਼ਤਾਰ ਕੀਤੇ: ਇਸ ਦੌਰਾਨ ਪੰਜਾਬ ਪੁਲੀਸ ਦੇ ਡੀਜੀਪੀ ਗੌਰਵ ਯਾਦਵ ਨੇ ਸੋਮਵਾਰ ਨੂੰ ਕਿਹਾ ਕਿ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐੱਸਆਈ ਨਾਲ ਸੰਵੇਦਨਸ਼ੀਲ ਫੌਜੀ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਵਿਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਐਕਸ 'ਤੇ ਪੋਸਟ ਕੀਤਾ, ''15 ਮਈ 2025 ਨੂੰ ਭਰੋਸੇਯੋਗ ਖੁਫੀਆ ਜਾਣਕਾਰੀ ਤੋਂ ਪਤਾ ਲੱਗਿਆ ਕਿ ਸੁਖਪ੍ਰੀਤ ਸਿੰਘ ਅਤੇ ਕਰਨਬੀਰ ਸਿੰਘ ਆਪਰੇਸ਼ਨ ਸਿੰਧੂਰ ਨਾਲ ਸਬੰਧਤ ਗੁਪਤ ਵੇਰਵੇ ਸਾਂਝੇ ਕਰਨ ਕਰ ਰਹੇ ਸਨ।''

ਹਰਿਆਣਾ ਤੋਂ 24 ਸਾਲਾ ਨੌਜਵਾਨ ਕਾਬੂ: ਹਰਿਆਣਾ ਪੁਲੀਸ ਨੇ 15 ਮਈ ਨੂੰ ਪਾਣੀਪਤ ਜ਼ਿਲ੍ਹੇ ਤੋਂ 24 ਸਾਲਾ ਨੌਮਾਨ ਇਲਾਹੀ ਨੂੰ ਪਾਕਿਸਤਾਨ ਵਿਚ ਕੁਝ ਵਿਅਕਤੀਆਂ ਨੂੰ ਸੰਵੇਦਨਸ਼ੀਲ ਜਾਣਕਾਰੀ ਸਪਲਾਈ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ। ਪੁਲੀਸ ਜਾਂਚ ਦੇ ਅਨੁਸਾਰ ਉੱਤਰ ਪ੍ਰਦੇਸ਼ ਦੇ ਕੈਰਾਨਾ ਦਾ ਇਲਾਹੀ ਵੀ ਇਕ ਪਾਕਿਸਤਾਨ-ਅਧਾਰਤ ਆਈਐੱਸਆਈ ਹੈਂਡਲਰ ਦੇ ਸੰਪਰਕ ਵਿੱਚ ਸੀ। ਇਲਾਹੀ ਇਕ ਫੈਕਟਰੀ ਸੁਰੱਖਿਆ ਗਾਰਡ ਵਜੋਂ ਕੰਮ ਕਰਦਾ ਸੀ ਅਤੇ ਉਸ 'ਤੇ ਪਾਕਿ-ਸਤਾਨ ਨੂੰ ਸੰਵੇਦਨਸ਼ੀਲ ਜਾਣਕਾਰੀ ਸਪਲਾਈ ਕਰਨ ਦਾ ਦੋਸ਼ ਹੈ। ਉਹ ਪਾਣੀਪਤ ਦੀ ਹਾਲੀ ਕਲੋਨੀ ਵਿੱਚ ਆਪਣੀ ਭੈਣ ਅਤੇ ਭਰਜਾਈ ਨਾਲ ਰਹਿ ਰਿਹਾ ਸੀ।

**16 ਮਈ ਨੂੰ 25 ਗ੍ਰੈਜੂਏਟ ਵਿਦਿਆਰਥੀ ਗ੍ਰਿਫ਼ਤਾਰ ਕੀਤਾ:** ਹਰਿਆਣਾ ਪੁਲੀਸ ਨੇ ਕੈਥਲ ਵਿਚ ਇਕ 25 ਸਾਲਾ ਪੋਸਟ-ਗ੍ਰੈਜੂਏਟ ਵਿਦਿਆਰਥੀ ਨੂੰ ਕਥਿਤ ਤੌਰ 'ਤੇ ਪੀਆਈਓਜ਼ ਨਾਲ ਸਬੰਧ ਰੱਖਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ। ਕੈਥਲ ਜ਼ਿਲ੍ਹੇ ਦੇ ਗੁਹਲਾ ਇਲਾਕੇ ਦੇ ਦਵਿੰਦਰ ਸਿੰਘ ਨੂੰ ਕਥਿਤ ਤੌਰ 'ਤੇ ਹਥਿਆਰਾਂ ਨਾਲ ਸੋਸ਼ਲ ਮੀਡੀਆ 'ਤੇ ਫੋਟੋਆਂ ਅਪਲੋਡ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਹੋਰ ਜਾਂਚ ਦੌਰਾਨ ਪਤਾ ਲੱਗਾ ਕਿ ਦਵਿੰਦਰ ਸਿੰਘ, ਜੋ ਕਿ ਪੰਜਾਬ ਦੇ ਇਕ ਕਾਲਜ ਤੋਂ ਰਾਜਨੀਤੀ ਸ਼ਾਸਤਰ ਵਿਚ ਮਾਸਟਰ ਦੀ ਡਿਗਰੀ ਕਰ ਰਿਹਾ ਸੀ, ਪਿਛਲੇ ਸਾਲ ਨਵੰਬਰ ਵਿਚ ਤੀਰਥ ਯਾਤਰਾ 'ਤੇ ਪਾਕਿਸਤਾਨ ਗਿਆ ਸੀ। ਇਸ ਯਾਤਰਾ ਦੌਰਾਨ ਉਹ ਕਥਿਤ ਤੌਰ 'ਤੇ ਪਾਕਿਸਤਾਨੀ ਖੁਫੀਆ ਏਜੰਸੀ ਦੇ ਸੰਪਰਕ ਵਿਚ ਆਇਆ ਸੀ ਅਤੇ ਵਾਪਸ ਆਉਣ ਤੋਂ ਬਾਅਦ ਵੀ ਉਨ੍ਹਾਂ ਦੇ ਸੰਪਰਕ ਵਿੱਚ ਰਿਹਾ। ਪੁਲਿਸ ਨੇ ਕਿਹਾ ਹੈ ਕਿ ਸਿੰਘ ਨੇ ਕਥਿਤ ਤੌਰ 'ਤੇ ਬਾਹਰੋਂ ਤਸਵੀਰਾਂ ਕਲਿੱਕ ਕਰਕੇ ਪਟਿਆਲਾ ਛਾਉਣੀ ਦੀਆਂ ਕੁਝ ਫੋਟੋਆਂ ਭੇਜਣ ਦੀ ਗੱਲ ਕਬੂਲ ਕੀਤੀ ਹੈ।

**ਯੂਟਿਊਬਰ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ:** ਹਰਿਆਣਾ ਪੁਲਿਸ ਨੇ 16 ਮਈ ਨੂੰ ਹਿਸਾਰ ਸਥਿਤ ਯੂਟਿਊਬਰ ਜੋਤੀ ਮਲਹੋ-ਤਰਾ ਨੂੰ ਪੀਆਈਓਜ਼ ਨੂੰ ਸੰਵੇਦਨਸ਼ੀਲ ਜਾਣਕਾਰੀ ਦੇਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕੀਤਾ ਸੀ। ਮਲਹੋਤਰਾ ਜੋ ਕਿ ਇਕ ਯੂਟਿਊਬ ਚੈਨਲ 'ਟ੍ਰੈਵਲ ਵਿਦ ਜੋ' ਚਲਾਉਂਦੀ ਹੈ, ਨੂੰ ਹਿਸਾਰ ਦੇ ਨਿਊ ਅਗਰਸੈਨ ਐਕਸਟੈਂਸ਼ਨ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਹਰਿਆਣਾ ਪੁਲੀਸ ਨੇ ਕਿਹਾ ਕਿ ਉਸ 'ਤੇ ਅਧਿਕਾਰਤ ਭੇਦ ਐਕਟ ਅਤੇ ਭਾਰਤੀ ਨਿਆਂ ਸੰਹਿਤਾ ਦੀਆਂ ਸੰਬੰਧਿਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਜੋਤੀ, ਜਿਸ ਦੇ ਯੂਟਿਊਬ ਚੈਨਲ ਅਤੇ ਇੰਸਟਾਗ੍ਰਾਮ ਅਕਾਊਂਟ ਦੇ ਕ੍ਰਮਵਾਰ 3.77 ਲੱਖ ਅਤੇ 1.33 ਲੱਖ ਫਾਲੋਅਰ ਹਨ, ਕਥਿਤ ਤੌਰ 'ਤੇ ਪਾਕਿਸਤਾਨੀ ਸਟਾਫਰ ਦਾਨਿਸ਼ ਦੇ ਸੰਪਰਕ ਵਿੱਚ ਸੀ।

ਉਸਦਾ ਯੂਟਿਊਬ ਚੈਨਲ ਉਸ ਦੀ ਪਾਕਿ-ਸਤਾਨ ਫੇਰੀ ਬਾਰੇ ਕੁਝ ਵੀਡੀਓ ਦਿਖਾਉਂਦਾ ਹੈ ਜਿਸ ਵਿਚ 'ਇੰਡੀਅਨ ਗਰਲ ਇਨ ਪਾਕਿਸਤਾਨ', 'ਇੰਡੀਅਨ ਗਰਲ ਐਕਸਪਲੋਰਿੰਗ ਲਾਹੌਰ', 'ਇੰਡੀਅਨ ਗਰਲ ਐਟ ਕਟਾਸ ਰਾਜ ਟੈਂਪਲ' ਅਤੇ 'ਇੰਡੀਅਨ ਗਰਲ ਰਾਈਡਜ਼ ਲਗਜ਼ਰੀ ਬੱਸ ਇਨ ਪਾਕਿ-



ਸਤਾਨ' ਸ਼ਾਮਲ ਹਨ। ਸਿਵਲ ਲਾਈਨਜ਼ ਪੁਲੀਸ ਸਟੇਸ਼ਨ ਹਿਸਾਰ ਵਿਚ ਦਰਜ ਇਕ ਐੱਫਆਈਆਰ ਦੇ ਅਨੁਸਾਰ 2023 ਵਿੱਚ ਜੋਤੀ ਪਾਕਿਸਤਾਨ ਹਾਈ ਕਮਿਸ਼ਨ 'ਚ ਦਾਨਿਸ਼ ਦੇ ਸੰਪਰਕ 'ਚ ਆਈ ਜਿੱਥੇ ਉਹ ਗੁਆਂਢੀ ਦੇਸ਼ ਦਾ ਦੌਰਾ ਕਰਨ ਲਈ ਵੀਜ਼ਾ ਲੈਣ ਗਈ ਸੀ।

ਹਿਸਾਰ ਦੇ ਪੁਲੀਸ ਸੁਪਰਡੈਂਟ ਸ਼ਸ਼ਾਂਕ ਕੁਮਾਰ ਸਾਵਨ ਨੇ ਐਤਵਾਰ ਨੂੰ ਕਿਹਾ ਕਿ ਪੀਆਈਓ ਮਲਹੋਤਰਾ ਨੂੰ ਇਕ ਜਾਇਦ-ਾਦ ਵਜੋਂ ਵਿਕਸਤ ਕਰ ਰਹੇ ਸਨ। ਸਾਵਨ ਨੇ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਚਾਰ ਦਿਨਾਂ ਦੇ ਫੌਜੀ ਟਕਰਾਅ ਦੌਰਾਨ ਉਹ ਕਥਿਤ ਤੌਰ 'ਤੇ ਦਾਨਿਸ਼ ਦੇ ਸੰਪਰਕ ਵਿਚ ਸੀ। ਸਾਵਨ ਨੇ ਕਿਹਾ, ''ਇਹ ਵੀ (ਇੱਕ ਕਿਸਮ ਦੀ) ਜੰਗ ਹੈ, ਜਿਸ ਵਿਚ ਉਹ ਪ੍ਰਭਾਵਕਾਂ ਦੀ ਭਰਤੀ ਕਰਕੇ ਆਪਣੇ ਬਿਰਤਾਂਤ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕਰਦੇ ਹਨ''। ਮਲਹੋਤਰਾ ਪੀਆਈਓ ਦੇ ਸੰਪਰਕ ਵਿਚ ਸੀ ਅਤੇ ਪੁਲਿਸ ਦੇ ਅਨੁਸਾਰ ਉਸ ਨੇ ਕਈ ਵਾਰ ਪਾਕਿ-ਸਤਾਨ ਅਤੇ ਇੱਕ ਵਾਰ ਚੀਨ ਦਾ ਦੌਰਾ ਕੀਤਾ।

**ਨੂਹ ਜ਼ਿਲ੍ਹੇ ਤੋਂ 26 ਸਾਲਾ ਵਿਅਕਤੀ 'ਤੇ ਵਾਟਸਐਪ ਰਾਹੀਂ ਜਾਣਕਾਰੀ ਸਾਂਝੀ ਕਰਨ ਦਾ ਦੋਸ਼:** ਐਤਵਾਰ ਨੂੰ ਹਰਿਆਣਾ ਪੁਲਿਸ ਨੇ ਦੱਸਿਆ ਕਿ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿਚ ਨੂਹ ਜ਼ਿਲ੍ਹੇ ਦੇ ਇਕ 26 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਕਿਹਾ ਕਿ ਅਰਮਾਨ ਨੂੰ ਸ਼ਨਿਚਰਵਾਰ ਨੂੰ ਦਿੱਲੀ ਵਿਚ ਪਾਕਿ-ਸਤਾਨ ਦੇ ਹਾਈ ਕਮਿਸ਼ਨ ਵਿੱਚ ਤਾਇਨਾਤ ਇਕ ਕਰਮਚਾਰੀ ਰਾਹੀਂ ਭਾਰਤੀ ਫੌਜ ਅਤੇ ਹੋਰ ਫੌਜੀ ਗਤੀਵਿਧੀਆਂ ਨਾਲ ਸਬੰਧਤ ਜਾਣਕਾਰੀ ਪਾਕਿਸਤਾਨ ਨਾਲ ਸਾਂਝੀ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ।

ਅਰਮਾਨ ਜੋ ਕਿ ਪਿਛਲੇ ਕੁਝ ਸਮੇਂ ਤੋਂ ਵਟਸਐਪ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਕਥਿਤ ਤੌਰ 'ਤੇ ਲੰਬੇ ਸਮੇਂ ਤੋਂ ਜਾਣਕਾਰੀ ਸਾਂਝੀ ਕਰ ਰਿਹਾ ਸੀ, ਛੇ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਹੈ। ਨੂਹ ਪੁਲੀਸ ਨੇ ਇਕ ਕੇਂਦਰੀ ਏਜੰਸੀ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਸੋਮਵਾਰ ਨੂੰ ਇਕ ਸਥਾਨਕ ਝੂਠੇ ਵਿਅਕਤੀ ਨੂੰ ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ।

ਉੱਤਰ ਪ੍ਰਦੇਸ਼ ਤੋਂ ਇਕ ਕਾਬੂ: ਆਈਐੱਸਆਈ ਲਈ ਸਰਹੱਦ ਪਾਰ ਤਸਕਰੀ ਅਤੇ ਜਾਸੂਸੀ ਗਤੀਵਿਧੀਆਂ ਵਿਚ ਉਸਦੀ ਕਥਿਤ ਸ਼ਮੂਲੀਅਤ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਐਤਵਾਰ ਨੂੰ ਉੱਤਰ ਪ੍ਰਦੇਸ਼ ਦੇ ਰਾਮ-ਪੁਰ ਤੋਂ ਐਸਟੀਐਫ ਮੁਰਾਦਾਬਾਦ ਯੂਨਿਟ ਨੇ ਸ਼ਹਿਜ਼ਾਦ ਨੂੰ ਗ੍ਰਿਫ਼ਤਾਰ ਕੀਤਾ। ਐੱਸਟੀਐੱਫ ਨੇ ਕਿਹਾ ਕਿ ਸ਼ਹਿਜ਼ਾਦ ਕਥਿਤ ਤੌਰ 'ਤੇ ਰਾਸ਼ਟਰੀ ਸੁਰੱਖਿਆ ਨਾਲ ਸਬੰਧਤ ਸੰਵੇਦਨਸ਼ੀਲ ਜਾਣਕਾਰੀ ਆਪਣੇ ਹੈਂਡਲਰਾਂ ਨੂੰ ਦੇ ਰਿਹਾ ਸੀ। ਉਹ ਸਾਲਾਂ ਦੌਰਾਨ ਕਈ ਵਾਰ ਪਾਕਿਸਤਾਨ ਗਿਆ ਅਤੇ ਕਥਿਤ ਤੌਰ 'ਤੇ ਸਰਹੱਦ ਪਾਰ ਕਾਸਮੈਟਿਕਸ, ਕੱਪੜੇ, ਮਸਾਲੇ ਅਤੇ ਹੋਰ ਚੀਜ਼ਾਂ ਦੀ ਤਸਕਰੀ ਕਰ ਰਿਹਾ ਸੀ ਏਜੰਸੀ ਨੇ ਦੋਸ਼ ਲਗਾਇਆ।




# ਨਿਯੁਕਤੀਆਂ ਪੰਜਾਬ ਸਰਕਾਰ ਦੀਆਂ ਪੰਜਾਬ ਵਿੱਚ ਅਹੁਦੇਦਾਰ ਆਏ ਦਿੱਲੀਓਂ

**ਬਲਬੀਰ ਸਿੰਘ ਬੱਬੀ**

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਿੱਲੀਓਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਇਸ਼ਾਰੇ ਉੱਤੇ ਚੱਲ ਰਹੀ ਹੈ ਜਦੋਂ ਇਹ ਦੋਸ਼ ਵਿਰੋਧੀ ਪਾਰਟੀਆਂ ਵਾਲੇ ਲਗਾਉਂਦੇ ਹਨ ਤਾਂ ਪੰਜਾਬ ਦੇ ਮੁੱਖ ਮੰਤਰੀ ਤੇ ਪੰਜਾਬ ਦੇ ਆਪ ਆਗੂ ਇਹਨਾਂ ਗੱਲਾਂ ਦਾ ਗੋਲ ਮੋਲ ਜਵਾਬ ਦਿੰਦੇ ਹਨ। ਪਰ ਅੱਜ ਉਸ ਵੇਲੇ ਤਾਂ ਬਹੁਤ ਹੀ ਹੈਰਾਨੀ ਹੋਈ ਜਦੋਂ ਪੰਜਾਬ ਸਰਕਾਰ ਵੱਲੋਂ ਕੁਝ ਨਿਯੁਕਤੀਆਂ ਕੀਤੀਆਂ ਗਈਆਂ ਜਿਨਾਂ ਦੇ ਵਿੱਚ ਪੰਜਾਬ ਵਿੱਚ ਵੀ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਤੇ ਵਰਕਰਾਂ ਦੇ ਵਿੱਚੋਂ ਇਹਨਾਂ ਨੂੰ ਕੋਈ ਵੀ ਅਹੁਦੇਦਾਰ ਪੰਜਾਬ ਵਿੱਚੋਂ ਨਹੀਂ ਮਿਲਿਆ। ਹਾਲਾਂਕਿ ਜਿਹੜੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ ਉਹ ਪ੍ਰਮੁੱਖ ਹਨ ਜਿਨਾਂ ਦਾ ਸਿੱਧਾ ਸਬੰਧ ਪੰਜਾਬ ਨਾਲ ਸਭ ਤੋਂ ਪਹਿਲਾਂ ਆਪਾਂ ਗੱਲ ਕਰੀਏ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਜੋ ਪਟਿਆਲਾ ਤੋਂ ਕੰਮ ਕਰਦਾ ਹੈ ਉਸ ਵਿੱਚ ਚੇਅਰਮੈਨ ਦੀ ਨਿਯੁਕਤੀ ਪੰਜਾਬ ਸਰਕਾਰ ਵੱਲੋਂ ਕੀਤੀ ਗਈ ਹੈ। ਜਿਸ ਬੀਬੀ ਦੀ ਨਿਯੁਕਤੀ ਕੀਤੀ ਗਈ ਹੈ। ਉਸ ਦਾ ਨਾਂ ਰੀਨਾ ਗੁਪਤਾ ਹੈ, ਉਹ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸੈਕਟਰੀ ਦੇ ਆਹੁਦੇ ਉੱਤੇ ਕੰਮ ਕਰ ਰਹੀ ਹੈ। ਅਗਲੀ ਨਿਯੁਕਤੀ ਦੀ ਗੱਲ ਕਰੀਏ ਉਸ ਵਿੱਚ ਵੀ ਇਹੀ ਹਾਲ ਹੈ ਦੀਪਕ ਚੌਹਾਨ ਨਾ ਦਾ ਜੋਂ ਗੈਰ ਪੰਜਾਬੀ ਹੈ ਜੋ ਮੂਲ ਰੂਪ ਵਿੱਚ ਉੱਤਰ ਪ੍ਰਦੇਸ਼ ਦਾ ਹੈ। ਉਸ ਨੂੰ ਪੰਜਾਬ ਲਾਰਜ ਇੰਡਸਟਰੀ ਦਾ ਚੇਅਰਮੈਨ ਪੰਜਾਬ ਸਰਕਾਰ ਵੱਲੋਂ ਲਗਾਇਆ ਗਿਆ ਹੈ।



ਇੱਥੇ ਵਰਣਨ ਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਹਾਲੇ ਦੋ ਕੁ ਮਹੀਨੇ ਪਹਿਲਾਂ ਹੀ ਇਹ ਐਲਾਨ ਖੁਦ ਕਰਦੇ ਸਨ ਕਿ ਪੰਜਾਬ ਵਿੱਚ ਜੋ ਆਮ ਆਦਮੀ ਪਾਰਟੀ ਦੇ ਵਰਕਰ ਹਨ ਜਿਹਨਾਂ ਨੇ ਪਾਰਟੀ ਨੂੰ ਜਮੀਨ ਤੋਂ ਉੱਪਰ ਚੁੱਕ ਕੇ ਲਿਆਂਦਾ ਹੈ ਉਹਨਾਂ ਨੂੰ ਅਹੁਦੇ ਦਿੱਤੇ ਜਾਣਗੇ ਪਰ ਹੋ ਬਿਲਕੁਲ ਉਲਟ ਰਿਹਾ ਹੈ।

# ਮਿਹਨਤੀ ਬੱਚੇ ਦੇਸ਼ ਦਾ ਅਸਲ ਸਰਮਾਇਆ-ਪ੍ਰਿੰਸੀਪਲ ਸ਼੍ਰੀਮਤੀ ਵੰਦਨਾ

## ਅੱਠਵੀਂ,ਦਸਵੀਂ ਅਤੇ ਬਾਰਵੀਂ ਕਲਾਸ ਦੇ ਨਤੀਜੇ ਰਹੇ ਸ਼ਾਨਦਾਰ-ਸ.ਕੁਲਦੇਵ ਸਿੰਘ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**



ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਅੱਠਵੀਂ,ਦਸਵੀਂ ਅਤੇ ਬਾਰਵੀਂ ਜਮਾਤ ਦੇ ਨਤੀਜਿਆਂ ਦਾ ਐਲਾਨ ਕੀਤਾ ਗਿਆ,ਜਿਸ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਹੰਬੋਵਾਲ਼ ਬੇਟ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਾਮ ਰੌਸ਼ਨ ਕੀਤਾ।ਅੱਠਵੀਂ ਜਮਾਤ ਵਿੱਚੋਂ ਮਹਿਕਦੀਪ ਕੌਰ ਨੇ 92%,ਜਸਪ੍ਰੀਤ ਕੌਰ ਨੇ 87% ਅਤੇ ਨਵਨੀਤ ਕੌਰ ਨੇ 81% ਅੰਕ ਪ੍ਰਾਪਤ ਕਰਕੇ ਸਕੂਲ ਦੇ ਚਮਕਦੇ ਸਿਤਾਰੇ ਬਣ ਕੇ ਇਲਾਕੇ 'ਚ ਨਾਮ ਰੌਸ਼ਨ ਕੀਤਾ। ਦਸਵੀਂ ਜਮਾਤ ਦੇ ਵਿਦਿਆਰਥੀ ਵਿਸ਼ਾਲ ਨੇ 82.46% ਅੰਕ ਪ੍ਰਾਪਤ ਕਰਕੇ ਪਹਿਲਾਂ ਸਥਾਨ ਹਾਸਿਲ ਕੀਤਾ।ਉਸ ਤੋਂ ਇਲਾਵਾ ਨੀਲਮ ਦੇਵੀ ਨੇ 80.46% ਅੰਕਾਂ ਨਾਲ ਦੂਸਰਾ,ਜਦਕਿ ਰੀਤੂ ਨੇ 79.54% ਅੰਕਾਂ ਨਾਲ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸਤੋਂ ਇਲਾਵਾ ਹਰਮਨਜੀਤ ਕੌਰ ਨੇ 71.45%,ਜਸਪ੍ਰੀਤ ਕੌਰ ਨੇ 70.92% ਅਤੇ ਮਨਜਿੰਦਰ ਕੌਰ 70.61% ਵਧੀਆ ਅੰਕ ਪ੍ਰਾਪਤ ਕਰਕੇ ਸਕੂਲ ਦ ਾ ਨਾਮ ਰੌਸ਼ਨ ਕੀਤਾ।ਵਿਦਿਆਰਥੀਆਂ ਨੇ ਸੌ ਫੀਸਦੀ ਨਤੀਜੇ ਦੇ ਕੇ ਮਾਪਿਆਂ ਅਤੇ ਅਧਿਆਪਕਾਂ ਦਾ ਮਾਣ ਵਧਾਇਆ।ਬਾਰਵੀਂ ਕਲਾਸ ਦੀ ਵਿਦਿਆਰਥਣ ਖੁਸ਼ਪ੍ਰੀਤ ਕੌਰ ਨੇ 88.60% ਅੰਕ ਲੈ ਕੇ ਪਹਿਲਾਂ ਸਥਾਨ, ਹਰਮਨ ਸਿੰਘ ਨੇ 88.20% ਅੰਕਾਂ ਨਾਲ ਦੂਸਰਾ ਅਤੇ ਰੀਤੂ ਨੇ 85.20 % ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ। ਵੱਖ-ਵੱਖ ਖੇਡਾਂ ਵਿੱਚ ਪ੍ਰਾਪਤੀਆਂ ਕਰਨ ਵਾਲੇ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ।ਸਕੂਲ ਪ੍ਰਿੰਸੀਪਲ ਸ਼੍ਰੀਮਤੀ ਵੰਦਨਾ ਅਤੇ ਸਮੂਹ ਸਟਾਫ਼ ਵੱਲੋਂ ਵਿਦਿਆਰਥੀਆਂ ਨੂੰ ਸਨਮਾਨਿਤ ਕਰਕੇ ਉਨ੍ਹਾਂ ਦੀ ਹੌਂਸਲਾ ਅਫ਼ਜ਼ਾਈ ਕਰਨ ਤੋਂ ਬਾਅਦ ਵਿਦਿਆਰਥੀਆਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ।


ਉਹਨਾਂ ਨੇ ਹੋਰ ਵਿਦਿਆਰਥੀਆਂ ਨੂੰ ਵੀ ਇਹਨਾਂ ਵਿਦਿਆਰਥੀਆਂ ਤੋ ਪ੍ਰੇਰਣਾ ਲੈਣ ਦੀ ਅਪੀਲ ਕੀਤੀ ਤੇ ਕਿਹਾ ਕਿ ਮਿਹਨਤ ਕਰਕੇ ਜਿੰਦਗੀ 'ਚ ਅੱਗੇ ਵੱਧਣ ਵਾਲੇ ਇਹ ਵਿਦਿਆਰਥੀ ਹੀ ਆਪਣੇ ਦੇਸ਼ ਦੇ ਭਵਿੱਖ ਦਾ ਸਰਮਾਇਆ ਹਨ,ਜੋ ਚੰਗੇ ਨਾਗਰਿਕ ਬਣ ਕੇ ਦੇਸ਼ ਨੂੰ ਨਵੀਆਂ ਉੱਚਾਈਆਂ 'ਤੇ ਲੈ ਜਾਂਦੇ ਹਨ। ਸਟੇਜ਼ ਦੀ ਕ ਰਵਾਈ ਸ.ਮੱਖਣ ਸਿੰਘ ਨੇ ਬਾਖੂਬੀ ਨਿਭਾਈ।ਇਸ ਮੌਕੇ ਸ.ਕੁਲਦੇਵ ਸਿੰਘ,ਸ਼੍ਰੀਮਤੀ ਪਰਮਿੰਦਰ ਕੌਰ,ਸ਼੍ਰੀ ਨਰਿੰਦਰ ਕੁਮਾਰ,ਹੁਸ਼ਿਆਰ ਸਿੰਘ,ਸ਼੍ਰੀਮਤੀ ਇੰਦਰਜੀਤ ਕੌਰ,ਸ.ਚੰਚਲ ਸਿੰਘ,ਸ.ਕੁਲਦੀਪ ਸਿੰਘ ਕੈਂਪਸ ਮੈਨੇਜਰ,ਸ.ਜਸਵਿੰਦਰ ਸਿੰਘ,ਗਗਨਦੀਪ ਸਿੰਘ,ਤਰਸੇਮ ਸਿੰਘ,ਗੁਰਸ਼ਰਨ ਕੁਮਾਰ,ਗੁਰਪ੍ਰੀਤ ਸਿੰਘ ਮਨਵਿੰਦਰ ਸਿੰਘ,ਸ਼੍ਰੀਮਤੀ ਮੋਨਿਕਾ,ਸਤਨਾਮ ਕੌਰ,ਰੇਨੂੰ ਬਾਲਾ,ਪ੍ਰਿਯੰਕਾ ਕੁਮਾਰ,ਸਤਵੀਰ ਕੌਰ ਅਧਿਆਪਕ ਹਾਜ਼ਰ ਸਨ।

# ਰਾਜਸਥਾਨ, ਮੱਧ ਪ੍ਰਦੇਸ਼, ਯੂਪੀ,ਤਾਮਿਲਨਾਡੂ, ਬਿਹਾਰ ਅਤੇ ਹੋਰ ਰਾਜਾਂ ਵਾਂਗ ਪੰਜਾਬ ਸਰਕਾਰ ਵੀ ਦੰਦਾਂ ਦੇ ਡਾਕਟਰਾਂ ਦੀ ਭਰਤੀ ਕਰੇ ਸ਼ੁਰੂ

## ਆਮ ਆਦਮੀ ਕਲੀਨਿਕਾਂ ਵਿੱਚ ਵੀ ਦੰਦਾਂ ਦੇ ਡਾਕਟਰਾਂ ਦੀ ਭਰਤੀ ਕਰਨ ਦੀ ਮੰਗ

**ਕਪੂਰਥਲਾ (ਕੌੜਾ)-** "ਤੰਦਰੁਸਤੀ, ਉਸਾਰੂ ਸੋਚ, ਚੜ੍ਹਦੀ ਕਲਾ ਅਤੇ ਵਿਵੇਕ ਬੁੱਧੀ ਇੱਕ ਇਨਸਾਨ ਲਈ ਹੀ ਨਹੀਂ ਪੂਰੇ ਸਮਾਜ ਲਈ ਹੀ ਨਿਆਮਤ ਮੰਨੀ ਜਾਂਦੀ ਹੈ। ਕਿਸੇ ਵੀ ਸਮਾਜ ਦੇ ਨਰੋਏਪਨ ਲਈ ਹਰ ਮਨੁੱਖ ਇਹਨਾਂ ਗੁਣਾਂ ਦਾ ਧਾਰਨੀ ਹੋਣਾ ਬਹੁਤ ਲਾਜ਼ਮੀ ਹੈ", ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਡਾਕਟਰ ਐੱਨ.ਐੱਸ. ਕੰਗ ਸਾਬਕਾ ਡਿਪਟੀ ਡਾਇਰੈਕਟਰ ਸਿਹਤ ਵਿਭਾਗ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੀ ਜ਼ਹਿਰੀਲੀ ਆਬੋ- ਹਵਾ, ਪ੍ਰਦੂਸ਼ਤ-ਗੰਧਲਾ ਪਾਣੀ ਅਤੇ ਮਿਲਾਵਟੀ ਤੇ ਮਿਆਰ ਤੋਂ ਥੱਲੇ ਮਿਲ ਰਹੇ ਖਾਣ- ਪੀਣ ਨੇ 80 ਫੀਸਦੀ ਲੋਕਾਂ ਨੂੰ ਬਿਮਾਰੀਆਂ ਦੀ ਦਲਦਲ ਵਿੱਚ ਧਕੇਲ ਦਿਤਾ ਹੈ।

ਉਹਨਾਂ ਕਿਹਾ ਕਿ ਬਾਕੀ ਬਿਮਾਰੀਆਂ ਦੀ ਤਰ੍ਹਾਂ ਦੰਦਾਂ ਦੀਆਂ ਬਿਮਾਰੀਆਂ ਵੀ ਲੋਕਾਂ ਲਈ ਵੱਡੀ ਮੁਸ਼ਕਿਲ ਸਾਬਤ ਹੋ ਰਹੀਆਂ ਹਨ ਪਰ ਪੰਜਾਬ ਸਰਕਾਰ ਵੱਲੋਂ ਕਦੇ ਵੀ ਦੰਦਾਂ ਦੇ ਡਾਕਟਰ ਭਰਤੀ ਨਹੀਂ ਕੀਤੇ ਗਏ। ਪਹਿਲੀਆਂ ਸਰਕਾਰਾਂ ਨੇ ਵੀ ਦੰਦਾਂ ਦੇ ਡਾਕਟਰਾਂ ਦੀ ਭਰਤੀ ਨੂੰ ਕਦੇ ਕੋਈ ਅਹਿਮੀਅਤ ਨਹੀਂ ਦਿੱਤੀ ਅਤੇ



ਨਾ ਹੀ ਮੌਜੂਦਾ ਸਰਕਾਰ ਵੱਲੋਂ ਤਿੰਨ ਸਾਲਾਂ ਵਿੱਚ ਅਜਿਹੀ ਭਰਤੀ ਲਈ ਕੋਈ ਇਸ਼ਤਿਹਾਰ ਦਿੱਤਾ ਗਿਆ ਹੈ। ਉਹਨਾਂ ਮੰਗ ਕੀਤੀ ਕਿ ਹਰ "ਆਮ ਆਦਮੀ ਕਲੀਨਿਕ" ਵਿੱਚ ਦੰਦਾਂ ਦੇ ਡਾਕਟਰਾਂ ਦੀ ਵੀ ਤਾਇਨਾਤੀ ਕੀਤੀ ਜਾਵੇ, ਕਿਉਂਕਿ ਦੰਦਾਂ ਦੇ ਰੋਗੀ ਕਿਸੇ ਮਾਹਰ ਕੋਲ ਨਾ ਜਾ ਕੇ ਝੋਲਾ ਛਾਪ ਕੋਲ ਇਲਾਜ ਕਰਵਾ ਕੇ ਨਾਮੁਰਾਦ ਤੇ ਜਾਨਲੇਵਾ ਬਿਮਾਰੀਆਂ ਸਹੇੜ ਰਹੇ ਹਨ। ਡਾ. ਐੱਨ.ਐੱਸ. ਕੰਗ ਨੇ ਕਿਹਾ ਕਿ ਹਰ ਸਰਕਾਰ ਆਪਣੇ ਨਾਗਰਿਕਾਂ ਨੂੰ ਸਿਹਤ ਸੇਵਾਵਾਂ ਦੇਣ ਲਈ ਜੁੰਮੇਵਾਰ ਹੁੰਦੀ ਹੈ ਅਤੇ ਇਸ ਸਰਕਾਰ ਨੂੰ ਵੀ ਰਾਜਸਥਾਨ, ਮੱਧ ਪ੍ਰਦੇਸ਼, ਯੂਪੀ, ਤਾਮਿਲਨਾਡੂ, ਬਿਹਾਰ, ਕੇਰਲਾ ਅਤੇ ਹੋਰ ਰਾਜਾਂ ਵਾਂਗ ਤੁਰੰਤ ਦੰਦਾਂ ਦੇ ਡਾਕਟਰਾਂ ਦੀ ਭਰਤੀ ਲਈ ਇਸ਼ਤਿਹਾਰ ਜਾਰੀ ਕਰਨਾ ਚਾਹੀਦਾ ਹੈ। ਗੌਰਤਲਬ ਹੈ ਕਿ ਪੰਜਾਬ ਦੇ ਦੰਦਾਂ ਦੇ ਡਾਕਟਰ ਬਾਹਰਲੇ ਸੂਬਿਆਂ ਵਿੱਚ ਆਏ ਇਸ਼ਤਿਹਾਰਾਂ ਰਾਹੀਂ ਬਾਹਰਲੇ ਸੂਬਿਆਂ ਵਿੱਚ ਸੇਵਾ ਕਰਨ ਲਈ ਅਪਲਾਈ ਕਰ ਰਹੇ ਹਨ ਜੋ ਪੰਜਾਬ ਤੇ ਪੰਜਾਬੀਅਤ ਲਈ ਇਕ ਵੱਡਾ ਦਾਗ ਸਾਬਤ ਹੋਵੇਗਾ। ਜ਼ਿਕਰਯੋਗ ਹੈ ਕਿ ਇਸ ਸਾਲ ਬਿਹਾਰ ਵੱਲੋਂ 808 ਪੋਸਟਾਂ, ਮੱਧ ਪ੍ਰਦੇਸ਼ ਵੱਲੋਂ 419, ਰਾਜਸਥਾਨ ਵਲੋਂ 172 ਪੋਸਟਾਂ, ਯੂਪੀ ਵੱਲੋਂ 63 ਪੋਸਟਾਂ ਅਤੇ ਤਾਮਿਲਨਾਡੂ ਵੱਲੋਂ 42 ਪੋਸਟਾਂ ਲਈ ਭਰਤੀ ਦੀ ਪ੍ਰਕਿਰਿਆ ਪੂਰੀ ਕੀਤੀ ਜਾ ਰਹੀ ਹੈ ਅਤੇ ਕੁਝ ਸੂਬਿਆਂ ਵੱਲੋਂ ਉਸ ਸੂਬੇ ਦੇ ਨਾਗਰਿਕ ਨਾ ਹੋਣ ਤੇ ਵੀ ਅਪਲਾਈ ਕਰਨ ਲਈ ਸੁਵਿਧਾ ਦਿੱਤੀ ਗਈ ਹੈ। ਉਹਨਾਂ ਮੁੱਖ ਮੰਤਰੀ ਅਤੇ ਸਿਹਤ ਮੰਤਰੀ ਪੰਜਾਬ ਨੂੰ ਅਪੀਲ ਕੀਤੀ ਕਿ ਉਹ ਦੰਦਾਂ ਦੇ ਮਾਹਰ ਡਾਕਟਰਾਂ ਨੂੰ ਸੂਬੇ ਤੋਂ ਜਾਣ ਲਈ ਰੋਕਣ ਅਤੇ ਤੁਰੰਤ ਦੰਦਾਂ ਦੇ ਡਾਕਟਰਾਂ ਦੀ ਭਰਤੀ ਲਈ ਇਸ਼ਤਿਹਾਰ ਜਾਰੀ ਕਰਨ ਤਾਂ ਜੋ ਕਾਬਲ ਡਾਕਟਰ ਬਾਹਰਲੇ ਸੂਬਿਆਂ ਵੱਲ ਨਾ ਜਾ ਕੇ ਆਪਣੇ ਸੂਬੇ ਵਿੱਚ ਹੀ ਸੇਵਾ ਨਿਭਾ ਸਕਣ।

# ਮਾਨ ਸਰਕਾਰ ਪੰਜਾਬੀਆਂ ਦੇ ਹਿੱਤਾਂ ਨੂੰ ਕਰ ਰਹੀ ਦਰਕਿਨਾਰ

ਲੁਧਿਆਣਾ ( ਕਰਨੈਲ ਸਿੰਘ ਐੱਮ.ਏ.) ਲੁਧਿਆਣਾ ਵਿਧਾਨ ਸਭਾ ਹਲਕਾ ਪੱਛਮੀ ਤੋਂ ਉੱਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਬੀ.ਆਰ.ਐਸ. ਨਗਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਝੂਠੇ ਵਾਅਦੇ ਕਰਨ ਵਾਲੀ 'ਆਪ' ਸਰਕਾਰ ਹੁਣ ਅਪਣੇ ਵਰਕਰਾਂ ਨਾਲ ਕੀਤੇ ਵਾਅਦਿਆਂ ਤੋਂ ਵੀ ਮੁਕਰਦੀ ਨਜ਼ਰ ਆ ਰਹੀ ਹੈ ਜੋ ਇੱਕ ਇੱਕ ਕਰਕੇ ਲੋਕਾਂ ਨਾਲ ਸਾਹਮਣੇ ਆ ਰਹੇ



ਹਨ। ਐਡਵੋਕੇਟ ਘੁੰਮਣ ਨੇ ਕਿਹਾ ਕਿ ਸੂਬਾ ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਪੰਜਾਬੀਆਂ ਦੇ ਹਿੱਤਾਂ ਨੂੰ ਦਰਕਿਨਾਰ ਕਰਕੇ ਕੇਜਰੀਵਾਲ ਐਂਡ ਪਾਰਟੀ ਦੇ ਦੀਪਕ ਚੌਹਾਨ ਨੂੰ ਪੰਜਾਬ ਰਾਜ ਇੰਡਸਟਰੀਅਲ ਕਾਰਪੋਰੇਸ਼ਨ ਡਿਵੈਲਪਮੈਂਟ ਬੋਰਡ ਦਾ ਚੇਅਰਮੈਨ ਲਗਾਇਆ ਗਿਆ ਜੋ ਸੰਦੀਪ ਪਾਠਕ ਦੇ ਬਹੁਤ-ਨਜ਼ਦੀਕੀ ਮੰਨੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ (ਪਾਰਟੀ ਮੈਂਬਰਾਂ) ਦੀ ਮਿਹਨਤ ਸਦਕਾ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਅੱਜ ਭਗਵੰਤ ਮਾਨ ਸਰਕਾਰ ਉਨ੍ਹਾਂ ਦੇ ਹਿੱਤਾਂ ਤੇ ਡਾਕਾ ਮਾਰ ਕੇ ਦਿੱਲੀ ਤੋਂ ਆਏ ਆਪਣੇ ਆਕਾਵਾਂ ਨੂੰ ਖੁਸ਼ ਕਰਨ ਵਿੱਚ ਲੱਗੀ ਹੋਈ ਹੈ ਜੋ ਬੜੀ ਸ਼ਰਮ ਵਾਲੀ ਗੱਲ ਹੈ ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮਜ਼ਦੂਰ ਦਿਵਸ ਨੂੰ ਸਮਰਪਿਤ ਸਾਹਿਤਿਕ ਪ੍ਰੋਗਰਾਮ ਕਰਵਾਇਆ



ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਵੱਲੋਂ ਅੱਜ ਸਰਕਾਰੀ ਪ੍ਰਾਇਮਰੀ ਸਕੂਲ (ਕੁ) ਕਾਕੜਾ ਰੋਡ ਭਵਾਨੀਗੜ੍ਹ ਵਿਖੇ ਮਜ਼ਦੂਰ ਦਿਵਸ ਨੂੰ ਸਮਰਪਿਤ ਇੱਕ ਸਾਹਿਤਿਕ ਸਮਾਗਮ ਕਰਵਾਇਆ ਗਿਆ ਜਿਸ ਦੀ ਪ੍ਰਧਾਨਗੀ 'ਉਸ ਪਾਰ ਇਸ ਪਾਰ' ਕਿਤਾਬ ਦੇ ਲਿਖਾਰੀ ਸ. ਅਨੋਖ ਸਿੰਘ ਵਿਰਕ ਵੱਲੋਂ ਕੀਤੀ ਗਈ ਅਤੇ ਗੁਰਮੁਖ ਸਿੰਘ ਦਿਲਬਰ ਵੱਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਸ. ਅਨੋਖ ਸਿੰਘ ਵਿਰਕ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਭਾਰਤੀ ਸੰਵਿਧਾਨ ਵਿੱਚ ਸਮਾਨਤਾ ਦਾ ਅਧਿਕਾਰ ਹੁੰਦੇ ਹੋਏ ਵੀ ਮਜ਼ਦੂਰ ਵਰਗ ਨੂੰ ਇਸ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ ਅਤੇ ਮਜ਼ਦੂਰਾਂ ਨੂੰ ਵਧੀਆ ਜੀਵਨ ਪੱਧਰ ਮੁਹੱਈਆ ਕਰਵਾਉਣ ਲਈ ਓਨੇ ਵਧੀਆ ਅਤੇ ਸਾਰਥਕ ਉਪਰਾਲੇ ਨਹੀਂ ਹੋ ਰਹੇ ਜਿੰਨੇ ਕਿ ਕਰਨੇ ਬਣਦੇ ਹਨ। ਇਸ ਮੌਕੇ ਕਵੀ ਦਰਬਾਰ ਵੀ ਕਰਵਾਇਆ ਗਿਆ ਜਿਸ ਵਿੱਚ ਬਹਾਦਰ ਸਿੰਘ ਧੌਲਾ, ਬੱਲੀ ਬਲਜਿੰਦਰ ਈਲਵਾਲ, ਸਰਬਜੀਤ ਸੰਗਰੂਰਵੀ, ਗੁਰੀ ਚੰਦੜ, ਅਭਿਜੀਤ, ਹਰਵੀਰ ਸਿੰਘ ਬਾਗੀ, ਪਵਨ ਕੁਮਾਰ ਹੋਸੀ, ਬਲਜੀਤ ਸਿੰਘ ਬਾਂਸਲ, ਉਮੇਸ਼ ਘਈ, ਗੁਰਸੇਵਕ ਸਿੰਘ ਰਾਜਪੁਰਾ, ਰਾਜਵਿੰਦਰ ਸਿੰਘ ਨਦਾਮਪੁਰ ਅਤੇ ਬਾਲ ਪਾਠਕ ਗੁਰਮਨ ਸਿੰਘ ਰਾਜਪੁਰਾ ਨੇ ਆਪਣੀਆਂ ਉੱਚ ਪਾਏ ਦੀਆਂ ਰਚਨਾਵਾਂ ਨਾਲ ਸਰੋਤਿਆਂ ਨੂੰ ਝੂਮਣ ਲਗਾ ਦਿੱਤਾ। ਮੰਚ ਸੰਚਾਲਨ ਗੁਰਜੰਟ ਬੀਂਬੜ ਵੱਲੋਂ ਕੀਤਾ ਗਿਆ।

# ਬੇਗਮਪੁਰਾ ਵਸਾਉਣ ਤੋਂ ਰੋਕਣ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਅਤੇ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂਆਂ ਦੀ ਗ੍ਰਿਫਤਾਰੀ ਦੀ ਲੋਕ ਇਨਸਾਫ਼ ਮੰਚ ਵੱਲੋ ਸਖ਼ਤ ਸ਼ਬਦਾਂ ਵਿੱਚ ਨਿੰਦਾ



**ਫਿਲੌਰ, ਅੱਪਰਾ (ਦੀਪਾ)-** ਜਿਲ੍ਹਾ ਸੰਗਰੂਰ ਦੇ ਪਿੰਡ ਬੀੜ ਐਸਵਾਨ ਵਿੱਚ "ਬੇਗ਼ਮਪੁਰਾ" ਵਸਾਉਣ ਜਾ ਰਹੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂਆਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਪ੍ਰਧਾਨ ਮੁਕੇਸ਼ ਮਲੌਦ, ਓਹਨਾਂ ਦੀ ਪਤਨੀ ਅਨੀਤਾ ਦਿਓਲ, ਸਕੱਤਰ ਬਿੱਕਰ ਸਿੰਘ, ਧਰਮਵੀਰ , ਗੁਰਵਿੰਦਰ ਸਿੰਘ, ਗੁਰਮੱਖ ਸਿੰਘ ਮਾਨ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਸੂਬਾਈ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁਗਸ਼ੋਰ, ਜਿਲ੍ਹਾ ਜਲੰਧਰ ਦੇ ਪ੍ਰਧਾਨ ਹੰਸਰਾਜ ਪੱਬਮਾ ਆਦਿ ਨੂੰ ਗਿਰਫ਼ਤਾਰ ਕਰਕੇ ਜੇਲ੍ਹੀਂ ਡੱਕਣ ਦੀ ਲੋਕ ਇਨਸਾਫ਼ ਮੰਚ ਦੇ ਆਗੂਆਂ ਵਲੋਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਲੋਕ ਇਨਸਾਫ਼ ਮੰਚ ਦੇ ਆਗੂਆਂ ਪ੍ਰਧਾਨ ਜਰਨੈਲ ਫਿਲੌਰ, ਸਕੱਤਰ ਪਰਸ਼ੋਤਮ ਫਿਲੌਰ, ਮੁੱਖ ਬੁਲਾਰੇ ਐਡਵੋਕੇਟ ਸੰਜੀਵ ਭੌਰਾ, ਪ੍ਰੈਸ ਸਕੱਤਰ ਜਸਵੰਤ ਬੋਧ, ਕੈਸ਼ੀਅਰ ਡਾਕਟਰ ਸੰਦੀਪ ਕੁਮਾਰ, ਸੀਨੀਅਰ ਮੀਤ ਪ੍ਰਧਾਨ ਹੰਸ ਰਾਜ, ਕੋਰ ਕਮੇਟੀ ਮੈਂਬਰ ਡਾਕਟਰ ਅਸ਼ੋਕ ਕੁਮਾਰ, ਅਮਰਜੀਤ ਲਾਡੀ, ਹਨੀ ਸੰਤੋਖਪੁਰਾ, ਰਾਮਜੀ ਦਾਸ ਗੰਨਾ ਪਿੰਡ, ਤਹਿਸੀਲ ਕਮੇਟੀ ਆਗੂ ਸੁਨੀਲ ਗੰਨਾ ਪਿੰਡ, ਦੀਪਕ ਰਵਿਦ-ਾਸਪੁਰਾ, ਸੰਦੀਪ ਗੰਨਾ ਪਿੰਡ, ਰਾਜਵਿੰਦਰ ਮੁਠੱਡਾ, ਡਾਕਟਰ ਬਲਜੀਤ ਦਾਰਾਪੁਰ, ਸੋਮ ਨਾਥ ਸ਼ੇਖੂਪੁਰ, ਸੁਰਿੰਦਰ ਮਹਲਾ ਆਦਿ ਆਗੂਆਂ ਨੇ ਕਿਹਾ ਕਿ ਪੰਜਾਬ ਵਿੱਚ ਪੁਲਿਸ ਰਾਜ ਸ਼ੁਰੂ ਕਰਕੇ ਲੋਕਤੰਤਰ ਦਾ ਗਲਾ ਘੁੱਟਿਆ ਜਾ ਰਿਹਾ ਹੈ।ਯਾਦ ਰਹੇ ਕਿ 20 ਮਈ 2025 ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਬੀੜ ਐਸਵਾਨ ਵਿਖੇ 927 ਏਕੜ ਜਮੀਨ ਬੇਜ਼ਮੀਨੇ ਮਜ਼ਦੂਰਾਂ ਵਿੱਚ ਵੰਡ ਕੇ "ਬੇਗਮਪੁਰਾ" ਵਸਾਉਣ ਦੀ ਤਿਆਰੀ ਵਿੱਚ ਸੀ। ਇਸ ਇਤਿਹਾਸਕ ਪਹਿਲਕਦਮੀ ਲਈ ਸਾਰੀਆਂ ਤਿਆਰੀਆਂ ਲਗਭਗ ਮੁਕੰਮਲ ਹੋ ਚੁੱਕੀਆਂ ਸਨ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਦੇ 200 ਪਿੰਡਾਂ, ਜਿਨ੍ਹਾਂ ਵਿੱਚ ਤਿੰਨ ਜ਼ਿਲ੍ਹਿਆਂ ਦੇ 125 ਪਿੰਡ ਸ਼ਾਮਲ ਹਨ, ਵਿੱਚ ਜਨਤਕ ਮੀਟਿੰਗਾਂ, ਰੈਲੀਆਂ ਅਤੇ ਜਾਗਰੂਕਤਾ ਪ੍ਰੋਗਰਾਮਾਂ ਰਾਹੀਂ ਵਿਆਪਕ ਪੱਧਰ 'ਤੇ ਮੁਹਿੰਮ ਚਲਾਈ ਗਈ ਸੀ।ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਅਤੇ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਨੇ ਦੱਸਿਆ ਕਿ ਇਹ ਸੰਘਰਸ਼ ਜਮੀਨ ਦੀ ਬਰਾਬਰ ਵੰਡ, ਜਾਤ-ਪਾਤ ਦੇ ਖਾਤਮੇ ਅਤੇ ਸਮਾਜਿਕ-ਆਰਥਿਕ ਸਾਂਝੇ ਪ੍ਰਬੰਧ ਦੀ ਉਸਾਰੀ ਦੇ ਟੀਚੇ ਨਾਲ ਅੱਗੇ ਵਧ ਰਿਹਾ ਸੀ। ਉਨ੍ਹਾਂ ਕਿਹਾ, "ਬੇਗਮਪੁਰਾ ਵਸਾਉਣ ਦਾ ਸੁਪਨਾ ਮਜ਼ਦੂਰਾਂ ਦੀ ਏਕਤਾ ਅਤੇ ਸੰਘਰਸ਼ ਦੀ ਮਿਸਾਲ ਹੈ। ਪਿੰਡਾਂ ਵਿੱਚ ਲੋਕ ਰਾਸ਼ਣ, ਤੰਬੂ ਅਤੇ ਹੋਰ ਜ਼ਰੂਰੀ ਵਸਤਾਂ ਇਕੱਠੀਆਂ ਕਰ ਰਹੇ ਹਨ, ਅਤੇ ਮੋਰਚੇ ਲਈ ਪੂਰੀ ਤਰ੍ਹਾਂ ਤਿਆਰ ਹਨ।"ਇਸ ਮੁਹਿੰਮ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿੱਚ ਮਜ਼ਦੂਰ ਅਤੇ ਬੇਜ਼ਮੀਨੇ ਕਿਸਾਨ ਬੀੜ ਐਸਵਾਨ ਜਾਣਾ ਸੀ । ਸਥਾਨਕ ਪੱਧਰ 'ਤੇ ਲੋਕਾਂ ਵੱਲੋਂ ਮੋਰਚੇ ਦੀ ਸਫਲਤਾ ਲਈ ਸਹਿਯੋਗ ਦਿੱਤਾ ਜਾ ਰਿਹਾ ਸੀ, ਜਿਸ ਵਿੱਚ ਰਸੋਈ ਸਮਗਰੀ, ਪਾਣੀ ਅਤੇ ਰਹਿਣ-ਸਹਿਣ ਦੀਆਂ ਸਹੂਲਤਾਂ ਸ਼ਾਮਲ ਹਨ। ਕਮੇਟੀ ਨੇ ਸਰਕਾਰ ਨੂੰ ਜਮੀਨ ਸੁਧਾਰਾਂ ਨੂੰ ਲਾਗੂ ਕਰਨ ਅਤੇ ਮਜ਼ਦੂਰਾਂ ਦੇ ਹੱਕਾਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਦੀ ਮੰਗ ਕੀਤੀ ਹੈ। ਉਨ੍ਹਾਂ ਸਮੂਹ ਮਜ਼ਦੂਰਾਂ, ਕਿਸਾਨਾਂ ਅਤੇ ਸਮਾਜਿਕ ਸੰਗਠਨਾਂ ਨੂੰ 20 ਮਈ ਨੂੰ ਬੀੜ ਐਸਵਾਨ ਵਿਖੇ ਇਕੱਠੇ ਹੋਣ ਦਾ ਸੱਦਾ ਦਿੱਤਾ ਸੀ।

# ਗ੍ਰਾਮ ਪੰਚਾਇਤਾਂ ਦੇ ਸਰਪੰਚਾਂ/ਪੰਚਾਂ ਦੀ ਉਪ ਚੋਣ ਲਈ ਵੋਟਰ ਸੂਚੀਆਂ ਦੀ ਸੁਧਾਈ ਦਾ ਪ੍ਰੋਗਰਾਮ ਜਾਰੀ

## ਜ਼ਿਲ੍ਹਾ ਚੋਣ ਅਫ਼ਸਰ ਵੱਲੋਂ 23 ਮਈ ਤੱਕ ਅੰਤਿਮ ਵੋਟਰ ਸੂਚੀਆਂ ਪ੍ਰਕਾਸ਼ਿਤ ਕਰਨ ਦੇ ਨਿਰਦੇਸ਼



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਪਿੰਡਾਂ ਦੀਆਂ ਪੰਚਾਇਤਾਂ ਅਤੇ ਸਰਪੰਚਾਂ/ਪੰਚਾਂ ਲਈ ਵੋਟਰ ਸੂਚੀਆਂ ਦੀ ਸੁਧਾਈ ਦਾ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ, ਜਿਸ ਤਹਿਤ 23 ਮਈ ਤੱਕ ਸੁਧਾਈ ਦਾ ਕੰਮ ਪੂਰਾ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਸਮੂਹ ਐੱਸ. ਡੀ. ਈ. ਐੱਮ. ਅਤੇ ਬੀ. ਡੀ. ਪੀ. ਓਜ਼ ਨੂੰ ਇਸ ਸਬੰਧੀ ਜ਼ਰੂਰੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਚੱਲ ਰਹੇ ਸੁਧਾਰ ਪ੍ਰੋਗਰਾਮ ਅਨੁਸਾਰ ਕਿਹਾ ਗਿਆ ਹੈ ਕਿ ਵੋਟਰ ਸੂਚੀਆਂ ਵਿੱਚ ਸੁਧਾਰ ਲਈ 19, 20 ਅਤੇ 21 ਮਈ ਨੂੰ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇ ਤਾਂ ਜੋ ਜਿਨ੍ਹਾਂ ਪਿੰਡਾਂ ਜਾਂ ਵਾਰਡਾਂ ਲਈ ਉਪ ਚੋਣ ਹੋਣੀ ਹੈ, ਉੱਥੇ ਨਵੀਆਂ ਵੋਟਾਂ ਬਣਾਈਆਂ ਜਾਂ ਕੱਟੀਆਂ ਜਾ ਸਕਣ। ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਵੋਟਰ ਸੂਚੀਆਂ ਦੀ ਸੁਧਾਈ ਦਾ ਕੰਮ ਸਿਰਫ਼ ਪਿੰਡ ਪੰਚਾਇਤਾਂ ਜਾਂ ਪਿੰਡਾਂ ਦੇ ਵਾਰਡਾਂ ਲਈ ਹੀ ਕੀਤਾ ਜਾਵੇਗਾ, ਜਿੱਥੇ ਉਪ ਚੋਣਾਂ ਕਰਵਾਈਆਂ ਜਾਣਗੀਆਂ। ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਪਿੰਡਾਂ ਜਾਂ ਵਾਰਡਾਂ ਵਿੱਚ, ਸਰਪੰਚ, ਪੰਚ ਦੀਆਂ ਚੋਣਾਂ ਹੋਣੀਆਂ ਹਨ, ਸਬੰਧਤ ਲੋਕ ਆਪਣੇ ਐੱਸ. ਡੀ. ਐੱਮ. - ਸੀ. - ਈ. ਆਰ. ਵੋਟਰ ਉਨ੍ਹਾਂ ਦੇ ਦਫ਼ਤਰ ਨਾਲ ਤਾਲਮੇਲ ਕਰਕੇ ਸੂਚੀ ਵਿੱਚ ਸੁਧਾਰ ਕਰ ਸਕਦੇ ਹਨ।

# ਰੇਲ ਮਾਰਗ ਪਾਰ ਕਰਕੇ ਜਾਨ ਨੂੰ ਖਤਰੇ ਵਿੱਚ ਪਾ ਰਹੇ ਹਨ ਨਾਬਾਲਿਗ ਵਿਦਿਆਰਥੀ, ਚਿੰਤਾਂ ਦਾ ਵਿਸ਼ਾ- ਐਡਵੋਕੇਟ ਘੁੰਮਣ

## ਡਿਵੈਲਪਮੈਂਟ ਦੇ ਨਾਂ ਤੇ ਗਲਤ ਉਸਾਰੀ ਹੋਣ ਨਾਲ ਦੁਰਘਟਨਾ ਸੰਭਾਵੀ ਖੇਤਰਾਂ ਦਾ ਹੋਇਆ ਨਿਰਮਾਣ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਵਿਧਾਨ ਸਭਾ ਹਲਕਾ ਪੱਛਮੀ ਦੀ ਉੱਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਨੇ ਚਿੰਤਾਂ ਜ਼ਾਹਰ ਕਰਦੇ ਹੋਏ ਕਿਹਾ ਕਿ ਸ਼ਹਿਰ ਅੰਦਰ ਕਈ ਸਕੂਲ ਐਸੀਆਂ ਥਾਵਾਂ ‘ਤੇ ਸਥਿਤ ਹਨ ਜਿੱਥੇ ਰੇਲਵੇ ਲਾਈਨਾਂ ਬਿਲਕੁਲ ਨੇੜੇ ਹਨ। ਇਹ ਸਥਿਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਇੱਕ ਸਾਲ ਦੌਰਾਨ ਸ਼ਹਿਰ ਅਤੇ ਪੰਜਾਬ ਵਿੱਚ ਇਨ੍ਹਾਂ ਹਾਲਾਤਾਂ ਕਰਕੇ ਕਈ ਨਾਬਾਲਿਗ ਬੱਚਿਆਂ ਦੇ ਜਾਨਾਂ ਜਾਣ ਦੀਆਂ ਘਟਨਾਵਾਂ ਸਾਹ-ਮਣੇ ਆਈਆਂ ਹਨ। ਐਡਵੋਕੇਟ ਘੁੰਮਣ ਨੇ ਕਿਹਾ ਕਿ ਸੈਕਰਡ ਹਾਰਟ ਕਾਨਵੈਂਟ ਸਕੂਲ, ਸਰਾਭਾ ਨਗਰ, ਬੀਸੀਐਮ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸ਼ਾਸਤਰੀ ਨਗਰ ਵਿਖੇ ਵੀ ਇਹ ਸਥਿਤੀ ਚਿੰਤਾ ਜਨਕ ਬਣੀ ਹੋਈ ਹੈ ਕਿਉਂ ਕਿ ਲੋਕ ਲੰਬੇ ਰਸਤੇ ਤੋਂ ਬਚਣ ਲਈ ਅਪਣੇ ਬੱਚਿਆਂ ਸਮੇਤ ਰੇਲ ਮਾਰਗ ਪਾਰ ਕਰਕੇ ਅਪਣੀ ਜਾਨ ਨੂੰ ਖਤਰੇ ਵਿੱਚ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੰਤਰੀਆਂ ਵੱਲੋਂ ਸ਼ਹਿਰ ਦੀ ਡਿਵੈਲਪਮੈਂਟ ਦੇ ਨਾਂ ਤੇ ਗਲਤ ਉਸਾਰੀ ਕਰਕੇ ਜਨਤਕ ਪੈਸੇ ਦੀ ਬਰਬਾਦੀ ਕੀਤੀ ਗਈ ਹੈ ਜਿਸ ਨਾਲ ਦੁਰਘਟਨਾ ਸੰਭਾਵੀ ਖੇਤਰਾਂ ਦਾ ਨਿਰਮਣ ਹੋ ਚੁੱਕਿਆ ਹੈ। ਐਡਵੋਕੇਟ ਘੁੰਮਣ ਨੇ ਕਿਹਾ ਕਿ ਜਿਨ੍ਹਾਂ ਸਕੂਲਾਂ ਨਜ਼ਦੀਕ ਜਿੱਥੇ ਵੀ ਰੇਲਵੇ ਲਾਈਨਾਂ ਹਨ ਉੱਥੇ ਸਰਕਾਰ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਬੱਚਿਆਂ ਦੀ ਜ਼ਿੰਦਗੀ ਦੀ ਰੱਖਿਆ ਨੂੰ ਮੁੱਖ ਰੱਖਦੇ ਹੋਏ ਅੰਡਰਪਾਸ ਦੀ ਵਿਵਸਥਾ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਅਤੇ ਫੌਰੀ ਤੌਰ ਤੇ ਸਥਾਨਕ ਪ੍ਰਸ਼ਾਸ਼ਨ ਅਤੇ ਰੇਲਵੇ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਸੁਰੱਖਿਅਤ ਆਵਾਜਾਈ ਦੀ ਵਿਵਸਥਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਅਤੇ ਹੋਣ ਵਾਲੀਆਂ ਘਟਨਾਵਾਂ ਨੂੰ ਰੋਕਣ ਲਈ ਸਕੂਲਾਂ ਵੱਲੋਂ ਟ੍ਰੈਫਿਕ ਪੁਲਿਸ ਦੇ ਅਧਿਕਾਰੀਆਂ ਨੂੰ ਕਲਿਕ ਕਰਕੇ ਭੇਜੀਆਂ ਤਸ਼ਵੀਰਾਂ ਤੋਂ ਬਾਅਦ ਵੀ ਕੋਈ ਢੁੱਕਵੀਂ ਕਾਰਵਾਈ ਨਾ ਹੋਣਾ ਬੇਨਤੀਆਂ ਪ੍ਰਤੀ ਲਾਪ੍ਰਵਾਹੀ ਨੂੰ ਦਰਸਾਉਂਦੀਆਂ ਹਨ।

# ਟੈਲਫੋਡ 'ਚ ਕਰਵਾਇਆ ਗਿਆ ਚੋਥਾ ਇੰਟਰਨੈਸ਼ਨਲ ਗਿੱਧਾ ਮੁਕਾਬਲਾ

**● ਇੰਗਲੈਂਡ ਦੇ ਵੱਖ ਵੱਖ ਸ਼ਹਿਰਾਂ ਸਮੇਤ ਸਪੇਨ ਤੋਂ ਵੀ ਪੁੱਜੀਆ ਗਿੱਧਾ ਟੀਮਾਂ ● ਸਰਬਜੀਤ ਮਾਂਗਟ, ਡੋਲੀ ਮਲਕੀਤ ਸਮੇਤ ਹੋਰਨਾਂ ਨੇ ਨਿਭਾਈ ਜੱਜ ਦੀ ਭੂਮਿਕਾ ● ਰਿਕਾਰਡਡ ਗਿੱਧਾ ਮੁਕਾਬਲੇ 'ਚ ਟੈਲਫੋਡ ਅਤੇ ਲਾਇਵ ਗਿੱਧਾ ਮੁਕਾਬਲੇ ਦੌਰਾਨ ਵੂਲਵਰਹੈਪਟਨ ਦੀ ਗਿੱਧਾ ਟੀਮ ਰਹੀ ਜੇਤੂ**







**ਜੈਤੂ ਰਹੀ 'ਨੱਚ ਲੈ ਮਜਾਜਣੇ ' ਗਿੱਧਾ ਟੀਮ ਵੂਲਵਰਹੈਪਟਨ ਨੂੰ ਟਰਾਫੀ ਅਤੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕਰਦੇ ਹੋਏ ਪ੍ਰਬੰਧਕ ਅਤੇ ਜੱਜ। ਅਤੇ ਜੱਜ ਦੀ ਭੂਮਿਕਾ ਦੌਰਾਨ ਸਰਬਜੀਤ ਮਾਂਗਟ, ਡੋਲੀ ਮਲਕੀਤ ਅਤੇ ਹੋਰ।ਤਸਵੀਰਾਂ:- ਸੁਖਜਿੰਦਰ ਸਿੰਘ ਢੱਡੇ**

**ਲੈਸਟਰ (ਇੰਗਲੈਂਡ)** (ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਸ਼ਹਿਰ ਟੈਲਫੋਡ ਵਿਖੇ ਪ੍ਰੇਮ ਵੈਡਿੰਗ ਡੈਕੋਰੇਸਨ ਦੇ ਮੁਕੇਸ ਮਹਿਮੀ ਅਤੇ ਸੁਨੀਤਾ ਮਹਿਮੀ ਵੱਲੋਂ ਚੌਥਾ ਇੰਟਰਨੈਸ਼ਨਲ ਗਿੱਧਾ ਮੁਕਾਬਲਾ ਕਰਵਾਇਆ ਗਿਆ। ਇਹਨਾਂ ਗਿੱਧਾ ਮੁਕਾਬਲਿਆਂ ਦੌਰਾਨ ਲੰਡਨ ਤੋਂ ਸਿਟੀ ਗਧਾ ਟੀਮ, ਮਾਨਚੈਸਟਰ ਤੋਂ ਸਾਂਝਾ 'ਪੰਜਾਬ ਚੜਦਾ ਅਤੇ ਲਹਿੰਦਾ ਪੰਜਾਬ',ਟੈਲਫੋਡ ਤੋਂ ਸੱਗੀ ਫੁੱਲ, ਵੂਲਵਰਹੈਪਟਨ ਤੋਂ ਨੱਚ ਲੈ ਮੁਜਾਜਣੇ, ਵਿਲਨ ਹਾਲ ਤੋਂ ਠੇਠ ਪੰਜਾਬਣ, ਬਰਮਿੰਘਮ ਤੋਂ ਮੁਟਿਆਰਾਂ ਬਰਮਿੰਘਮ ਦੀਆਂ ਸਮੇਤ ਸਪੇਨ ਤੋਂ ਵੀ ਸੁਖਮਨੀ ਗਿੱਧਾ ਟੀਮ ਨੇ ਇਹਨਾਂ ਮੁਕਾਬਲਿਆਂ ਚ ਹਿੱਸਾ ਲਿਆ। ਇਹਨਾਂ ਗਿੱਦਾ ਮੁਕਾਬਲਿਆਂ ਦੌਰਾਨ ਪਹਿਲੇ ਰਾਊਂਡ ਚ ਰਿਕਾਰਡਡ ਗਿੱਧਾ ਮੁਕਾਬਲੇ ਕਰਵਾਏ ਗਏ।ਜਿਸ ਦੌਰਾਨ ਟੈਲੀਫੋਡ ਦੀ ਸੱਗੀ ਫੁੱਲ ਗਿੱਧਾ ਟੀਮ ਪਹਿਲੇ ਸਥਾਨ ਤੇ, ਵਿਲਨ ਹਾਲ ਦੀ ਠੇਠ ਪੰਜਾਬਣ ਗਿੱਧਾ ਟੀਮ ਦੂਜੇ ਸਥਾਨ ਤੇ,ਅਤੇ ਸਪੇਨ ਤੋਂ ਆਈ ਸੁਖਮਨੀ ਗਿੱਧਾ ਟੀਮ ਤੀਜੇ ਸਥਾਨ ਤੇ ਰਹੀਆਂ। ਇਸੇ ਤਰ੍ਹਾਂ ਦੂਜੇ ਰਾਊਂਡ ਚ ਲਾਈਵ ਗਿੱਧਾ ਮੁਕਾਬਲੇ ਦੌਰਾਨ ਨੱਚ ਲੈ ਮਜਾਜਣੇ ਵੂਲਵਰਹੈਂਪਟਨ ਦੀ ਗਿੱਧਾ ਟੀਮ ਪਹਿਲੇ ਸਥਾਨ ਤੇ ਅਤੇ ਸਿਟੀ ਗਿੱਧਾ ਟੀਮ ਦੂਜੇ ਸਥਾਨ ਤੇ ਅਤੇ ਮੁਟਿਆਰਾਂ ਬਰਮਿੰਘਮ ਦੀਆਂ ਬਰਮਿੰਘਮ ਦੀ ਟੀਮ ਤੀਜੇ ਸਥਾਨ ਤੇ ਰਹੀਆਂ। ਇਹਨਾਂ ਗਿੱਧਾ ਮੁਕਾਬਲਿਆ ਦੌਰਾਨ ਜੱਜ ਦੀ ਭੂਮਿਕਾ ਪੰਜਾਬ ਤੋਂ ਵਿਸ਼ੇਸ਼ ਤੌਰ ਤੇ ਆਈ ਸਰਬਜੀਤ ਮਾਂਗਟ, ਡੋਲੀ ਮਲਕੀਤ, ਜੋਤੀ, ਦਬਦੀਪ ਕੌਰ ਅਤੇ ਸਰਬਜੀਤ ਕੌਰ ਨੇ ਨਿਭਾਈ।ਇਸ ਸਾਰੇ ਪ੍ਰੋਗਰਾਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਮੋਹਨਜੀਤ ਬਸਰਾ ਅਤੇ ਸੁੱਖੀ ਬਾਠ ਵੱਲੋਂ ਬਾਖੂਬੀ ਨਿਭਾਈ ਗਈ। ਇਹਨਾਂ ਮੁਕਾਬਲਿਆਂ ਦੌਰਾਨ ਜੇਤੂ ਰਹਿਣ ਵਾਲੀਆਂ ਟੀਮਾਂ ਨੂੰ ਮੌਕੇ ਤੇ ਹੀ ਟਰਾਫੀਆਂ ਅਤੇ ਨਗਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ।

# ਸਰਾਭਾ ਕਾਲਜ ਆਫ ਨਰਸਿੰਗ ਵਿੱਚ ਕੌਮਾਂਤਰੀ ਨਰਸਿਜ਼ ਦਿਵਸ ਮਨਾਇਆ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ਼ਹੀਦ ਕਰਤਾਰ ਸਿੰਘ ਸਰਾਭਾ ਕਾਲਜ ਆਫ ਨਰਸਿੰਗ ਵੱਲੋਂ ਕੌਮਾਂਤਰੀ ਨਰਸਿਜ਼ ਦਿਵਸ -2025 ਬਹੁਤ ਹੀ ਉਤਸ਼ਾਹ ਅਤੇ ਮਾਣ-ਸਨਮਾਨ ਨਾਲ ਮਨਾਇਆ ਗਿਆ। ਇਸ ਵਾਰ ਦਿਵਸ ਦਾ ਥੀਮ "ਸਾਡੇ ਨਰਸ. ਸਾਡਾ ਭਵਿੱਖ. ਨਰਸਿੰਗ ਦੀ ਸੇਵਾ ਨਾਲ ਮਜ਼ਬੂਤ ਅਰਥਵਿਵਸਥਾ" ਰੱਖਿਆ ਗਿਆ ਸੀ, ਜਿਸ ਵਿੱਚ ਨਰਸਾਂ ਦੇ ਸਮਰਥਨ ਦੀ ਅਹਿਮੀਅਤ ਨੂੰ ਉਜਾਗਰ ਕੀਤਾ ਗਿਆ ਕਿ ਉਹ ਸਿਰਫ਼ ਸਿਹਤ ਪ੍ਰਣਾਲੀਆਂ ਹੀ ਨਹੀਂ, ਸਗੋਂ ਸਮਾਜਿਕ ਤੇ ਆਰਥਿਕ ਵਿਕਾਸ ਲਈ ਵੀ ਵੱਡਾ ਸਹਿਯੋਗ ਦਿੰਦੀਆਂ/ਦਿੰਦੇ ਹਨ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਭਾਵਸ਼ਾਲੀ ਢੰਗ ਨਾਲ ਕਰਦਿਆਂ ਵਿਦਿਆਰਥੀਆਂ ਵੱਲੋਂ ਕੀਰਤਨ ਦੀ ਰੂਹਾਨੀ ਪ੍ਰਸਤੁਤੀ ਨੇ ਸਾਰੇ ਮਾਹੌਲ ਨੂੰ ਸ਼ਾਂਤ ਤੇ ਭਾਵੁਕ ਕਰ ਦਿੱਤਾ। ਇਸ ਮੌਕੇ ਆਏ ਮਹਿਮਾਨਾਂ ਨੂੰ ਗੁਲਦਸਤਾ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ, ਉਪਰੰਤ ਪ੍ਰਿੰਸੀਪਲ ਡਾ: ਪ੍ਰਭਜੋਤ ਸੈਣੀ, ਸ਼੍ਰੀਮਤੀ ਪਰਮਜੀਤ ਕੌਰ ਪੰਧੇਰ ਚੇਅਰਪਰਸਨ ਕਾਲਜ ਟਰੱਸਟ ਅਤੇ ਟਰੱਸਟੀ ਮੈਂਬਰਾਂ ਨੇ ਸ਼ਮਾ ਰੌਸ਼ਨ ਕਰਦਿਆਂ ਗਿਆਨ ਅਤੇ ਸੇਵਾ ਦੀ ਰੋਸ਼ਨੀ ਨੂੰ ਪ੍ਰਗਟ ਕੀਤਾ।

ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਰੰਗੀਲਾ ਵੈਲਕਮ ਡਾਂਸ, ਜਿਸ ਵਿੱਚ ਭਾਰਤੀ ਸੱਭਿਆਚਾਰ ਦੀ ਰੰਗੀਨਤਾ ਦਰਸਾਈ ਗਈ ਸੀ, ਨੂੰ ਪੇਸ਼ ਕੀਤਾ ਗਿਆ ਜਦ ਕਿ



ਨਰਸਿੰਗ ਸਿਖਿਆਰਥਣਾਂ ਨੇ ਪੰਜਾਬ ਦਾ ਸੱਭਿਆਚਾਰ ਗਿੱਧਾ ਪੇਸ਼ ਕਰਕੇ ਦਰਸ਼ਕਾਂ ਦਾ ਖੂਬ ਮਨੋਰੰਜਨ ਕੀਤਾ।

ਇਸ ਮੌਕੇ ਪ੍ਰਿੰਸੀਪਲ ਡਾ: ਪ੍ਰਭਜੋਤ ਸੈਣੀ ਨੇ ਸਵਾਗਤੀ ਭਾਸ਼ਣ ਦਿੰਦਿਆਂ ਮੁੱਖ ਮਹਿਮਾਨ ਡਾ: ਰਮਨਦੀਪ ਕੌਰ ਸਿਵਲ ਸਰਜਨ, ਲੁਧਿਆਣਾ ਅਤੇ ਸ਼ਖਸੀਅਤਾਂ ਸਮੇਤ ਨਰਸਿੰਗ ਸੁਪਰਿੰਟੈਂਡੈਂਟ ਨੂੰ ਜੀ ਆਇਆਂ ਆਖਿਆ। ਇਸ ਮੌਕੇ ਉਨ੍ਹਾਂ ਨਰਸਿਜ਼ ਦਿਵਸ ਦੀ ਮਹੱਤਤਾ ਅਤੇ ਕਾਲਜ ਵੱਲੋਂ ਕਾਬਲ ਨਰਸਾਂ ਦੀ ਤਿਆਰੀ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ "ਫਲੋਰੈਂਸ ਨਾਈਟਿੰਗੇਲ ਦੇ ਇਤਿਹਾਸ" ਤੇ ਇੱਕ ਵਿਸ਼ੇਸ਼ ਜਾਣਕਾਰੀ ਦਿੰਦਿਆਂ ਆਧੁਨਿਕ ਨਰਸਿੰਗ ਦੀ ਸੰਸਥਾਪਿਕਾ ਦੀ ਮਿਹਨਤ ਅਤੇ ਦ੍ਰਿਸ਼ਟੀ ਨੂੰ ਯਾਦ ਕਰਵਾਇਆ। ਇਸ ਮੌਕੇ ਇੱਕ ਸਹੁੰ ਚੁੱਕ ਸਮਾਗਮ ਕਰਵਾਉਂਦਿਆਂ ਨਵੇਂ ਦਾਖਲ ਹੋਏ ਸਿੱਖਿਆਰਥੀਆਂ ਨੇ ਮੋਮਬੱਤੀਆਂ ਫੜ ਕੇ ਸੇਵਾ, ਦਇਆ ਅਤੇ ਇਮਾਨਦਾਰੀ ਦੀ ਸਹੁੰ ਚੁੱਕੀ ਜੋ ਨਰਸਿੰਗ ਦੇ ਉੱਚੇ ਆਦਰਸ਼ਾਂ ਦੀ ਪ੍ਰਤੀਕ ਸੀ। ਸਮਾਗਮ ਦੌਰਾਨ ਮੁੱਖ ਮਹਿਮਾਨ ਡਾ: ਰਮਨਦੀਪ ਕੌਰ ਸਿਵਲ ਸਰਜਨ ਨੇ ਆਪਣਾ ਪ੍ਰੇਰਣਾਦਾਇਕ ਭਾਸ਼ਣ ਦਿੰਦਿਆਂ ਨਰਸਾਂ ਦੀ ਬਦਲ ਰਹੀ ਭੂਮਿਕਾ ਅਤੇ ਉਨ੍ਹਾਂ ਦੇ ਯੋਗਦਾਨ ਦੀ ਸਰਾਹਨਾ ਕੀਤੀ। ਉਨ੍ਹਾਂ ਨੇ ਸਿੱਖਿਆਰਥੀਆਂ ਨੂੰ ਦਿਲੋਂ ਸਮਰਪਿਤ ਬਣੇ ਰਹਿਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਨਵੇਂ ਸਟੂਡੈਂਟ ਨਰਸਿਜ਼ ਐਸੋਸੀਏਸ਼ਨ ਮੈਂਬਰਾਂ ਦਾ ਐਲਾਨ ਕੀਤਾ ਗਿਆ ਜਿਸ ਵਿੱਚ ਸੁਖਪ੍ਰੀਤ ਸਿੰਘ ਨੂੰ ਉਪ ਪ੍ਰਧਾਨ, ਪ੍ਰਭਲੀਨ ਕੌਰ ਨੂੰ ਸਕੱਤਰ, ਰੋਹਿਤ ਕੁਮਾਰ ਨੂੰ ਖ਼ਜ਼ਾਨਚੀ ਬਣਾਇਆ ਗਿਆ।

ਇਸ ਮੌਕੇ ਕੇਕ ਕੱਟਣ ਦੀ ਰਸਮ ਅਦਾ ਕਰਦਿਆਂ ਨਰਸਿੰਗ ਕਾਲਜ ਦੇ ਪਰਿਵਾਰ ਦੀ ਏਕਤਾ ਨੂੰ ਮਜਬੂਤ ਕਰਨ ਉੱਪਰ ਜ਼ੋਰ ਦਿੱਤਾ ਗਿਆ ਅਤੇ ਮਰੀਜ਼ਾਂ ਦੀ ਸੇਵਾ ਨੂੰ ਸਮਰਪਿਤ ਰਹਿਣ ਦਾ ਵਾਅਦਾ ਕੀਤਾ ਗਿਆ।

ਇਸ ਮੌਕੇ ਡਾ: ਮਾਰਗਰੇਟ ਐਂਡਰੀਆਸ ਉਪ ਪ੍ਰਿੰਸੀਪਲ ਨੇ ਸਮਾਪਤੀ ਭਾਸ਼ਣ ਅਤੇ ਧੰਨਵਾਦ ਕਰਦਿਆਂ ਨਰਸਿਜ਼ ਦਿਵਸ ਨੂੰ ਯਾਦਗਾਰ ਬਣਾਉਣ ਵਾਲੇ ਹਰੇਕ ਵਿਅਕਤੀ ਦੀ ਪ੍ਰਸ਼ੰਸਾ ਕੀਤੀ।

# ਕੰਨਿਆ ਸਕੂਲ ਰੋਪੜ ਦੀ ਵਿਦਿਆਰਥਣ ਸ਼ਰਮਨ ਯਾਦਵ ਦਾ ਵਿਸ਼ੇਸ਼ ਸਨਮਾਨ

**ਰੋਪੜ (ਰੋਮੀ ਘੜਾਮਾਂ):** ਸ.ਸ.ਸ.ਸ. ਸਕੂਲ (ਕੰਨਿਆ) ਦੀ ਵਿਦਿਆਰਥਣ ਸ਼ਰਮਨ ਯਾਦਵ ਨੇ ਬਾਹਰਵੀਂ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਮੈਰਿਟ ਪ੍ਰਾਪਤ ਕੀਤੀ। ਉਸਦੀ ਇਸ ਵਿਸ਼ੇਸ਼ ਪ੍ਰਾਪਤੀ 'ਤੇ ਹੌਸਲਾ ਅਫਜਾਈ ਕਰਨ ਲਈ ਸਕੂਲ ਵਿੱਚੋਂ ਸੇਵਾ-ਮੁਕਤ ਹੋਏ ਅਧਿਆਪਕ ਭਗਵੰਤ ਬਾਲਾ (ਲੈਕਚਰਾਰ ਇੰਗਲਿਸ਼), ਸੁਰਜਨ ਸਿੰਘ (ਪੰਜਾਬੀ ਲੈਕਚਰਾਰ), ਵੀਨਾ ਕਪੂਰ (ਵੋਕੇਸ਼ਨਲ), ਨਰੇਸ਼ ਬਾਲਾ (ਪੀਟੀਆਈ) ਅਤੇ ਰਜਿੰਦਰ ਕੌਰ ਵਾਲੀਆ (ਪੰਜਾਬੀ ਮਿਸਟ੍ਰੈੱਸ) ਵੱਲੋਂ ਵਿਦਿਆਰਥਣ ਨੂੰ 3100 ਰੁਪਏ ਨਕਦ ਰਾਸ਼ੀ ਨਾਲ਼



ਸਨਮਾਨਿਤ ਕੀਤਾ ਗਿਆ।ਇਸ ਮੌਕੇ ਸਕੂਲ ਐਸਐਮਸੀ ਕਮੇਟੀ ਦੇ ਮੈਂਬਰ ਜਗਦੇਵ ਸਿੰਘ ਵੱਲੋਂ ਵਿਦਿਆਰਥਣ ਦੀਆਂ ਸਕੂਲ ਨਾਲ਼ ਸੰਬੰਧਤ ਯਾਦਾਂ ਦਾ ਫੋਟੋ-ਕਲਾਜ਼ ਬਣਾ ਕੇ ਭੇਟ ਕੀਤਾ ਗਿਆ। ਸਭਨਾਂ ਨੇ ਸ਼ਰਮਨ ਨੂੰ ਸੁਨਹਿਰੀ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਹੋਰ ਵਿਦਿਆਰਥਣਾਂ ਨੂੰ ਇਸੇ ਤਰ੍ਹਾਂ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ। ਉਪਰੰਤ ਪ੍ਰਿੰਸੀਪਲ ਸੰਦੀਪ ਕੌਰ ਵੱਲੋਂ ਪਹੁੰਚੇ ਹੋਏ ਸਮੂਹ ਮਹਿਮਾਨਾਂ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ ਗਿਆ। ਜਿਕਰਯੋਗ ਹੈ ਕਿ ਸ਼ਰਮਨ ਯਾਦਵ ਨੇ ਸਾਇੰਸ ਗਰੁੱਪ ਵਿੱਚ ਸਕੂਲ ਪੱਧਰ 'ਤੇ ਪਹਿਲਾ, ਜਿਲ੍ਹਾ ਪੱਧਰ 'ਤੇ ਦੂਸਰਾ ਅਤੇ ਸੂਬਾ ਪੱਧਰ 'ਤੇ ਬਾਹਰਵਾਂ ਸਥਾਨ ਹਾਸਲ ਕੀਤੇ ਹਨ।

# ਸੰਗਤਾਂ ਨੇ ਗੁਰਬਾਣੀ ਸ਼ਬਦ ਕੀਰਤਨ ਦਾ ਮਾਣਿਆ ਆਨੰਦ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)–** ਸਿੱਖ ਸ਼ਹੀਦਾਂ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਂਕ ਵਿਖੇ ਸਪਤਾਹਿਕ ਧਾਰਮਿਕ ਗੁਰ-ਮਤਿ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਕਰਵਾਇਆ ਗਿਆ । ਅੰਮ੍ਰਿਤ ਵੇਲੇ ਤੋਂ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜੱਥਿਆਂ ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਗੁਰਸ਼ਰਨ ਸਿੰਘ, ਭਾਈ ਪਰਮਵੀਰ ਸਿੰਘ, ਭਾਈ ਹਰਪ੍ਰੀਤ ਸਿੰਘ ਖਾਲਸਾ ਅਤੇ ਸ਼ਾਮ ਦੇ ਸਮਾਗਮ ਵਿੱਚ ਭਾਈ ਲਖਵਿੰਦਰ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਅਤੇ ਉਨ੍ਹਾਂ ਦੇ ਜੱਥੇ ਵੱਲੋਂ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ ਗਈ । ਉਪਰੰਤ ਗੁਰਦੁਆਰਾ ਸਾਹਿਬ ਦੇ ਮੁੱਖ ਕਥਾ ਵਾਚਕ ਭਾਈ ਮਨਪ੍ਰੀਤ ਸਿੰਘ ਨੇ ਗੁਰੂ ਘਰ ਨਤਮ-ਸਤਕ ਹੋਈਆਂ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਗੁਰੂ ਘਰ ਨਤਮਸਤਕ ਹੋਈਆਂ ਸੰਗਤਾਂ ਵਿੱਚੋਂ ਬੀਬੀਆਂ ਨੇ ਸੰਗਤੀ





ਰੂਪ ਵਿੱਚ ਰਾਗੀ ਜੱਥੇ ਨੂੰ ਸਿਰੋਪਾਓ ਭੇਟ ਕੀਤੇ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ, ਮੀਤ ਪ੍ਰਧਾਨ ਸਤਪਾਲ ਸਿੰਘ ਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦੇ ਹੋਏ ਦੱਸਿਆ ਕਿ ਅਗਲੇ ਹਫਤੇ 24 ਮਈ ਦਿਨ ਐਤਵਾਰ ਨੂੰ ਸ਼ਾਮ ਦੇ ਗੁਰਮਤਿ ਸਮਾਗਮ ਸਮੇਂ ਭਾਈ ਜਬਰਤੋੜ ਸਿੰਘ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਵੱਲੋਂ ਕੀਰਤਨ ਦੀ ਸੇਵਾ ਨਿਭਾਈ ਜਾਵੇਗੀ॥ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ । ਹੋਰਨਾਂ ਤੋਂ ਇਲਾਵਾ ਤੇਜਿੰਦਰ ਸਿੰਘ ਡੰਗ ਜਨਰਲ ਸਕੱਤਰ, ਤਰਲੋਚਨ ਸਿੰਘ ਬੱਬਰ, ਚਰਨਕਮਲ ਸਿੰਘ ਲਾਇਲਪੁਰੀ, ਬਲਜੀਤ ਸਿੰਘ ਦੂਖੀਆ, ਮੋਹਣ ਸਿੰਘ ਚੌਹਾਨ, ਸੁਰਜੀਤ ਸਿੰਘ ਮਠਾੜੂ, ਜਤਿੰਦਰਪਾਲ ਸਿੰਘ ਸਲੂਜਾ, ਇੰਦਰਜੀਤ ਸਿੰਘ ਗੋਲਾ, ਸਵਰਨ ਸਿੰਘ ਮਹੌਲੀ, ਜਸਵੀਰ ਸਿੰਘ ਗੋਗੀਆ, ਇੰਦਰਜੀਤ ਸਿੰਘ ਮੱਕੜ, ਸੁਰਿੰਦਰਜੀਤ ਸਿੰਘ ਮੱਕੜ, ਸੁਰਿੰਦਰ ਸਿੰਘ ਨਾਰੰਗ, ਸੁਖਰਾਜ ਸਿੰਘ, ਪਰਮਜੀਤ ਸਿੰਘ ਪੰਮਾ ਢੋਲੇਵਾਲ, ਅਰਜਨ ਸਿੰਘ ਚੀਮਾ, ਦਵਿੰਦਰ ਸਿੰਘ ਸਿੱਬਲ, ਗੁਰਮੀਤ ਸਿੰਘ, ਅਵਤਾਰ ਸਿੰਘ, ਪ੍ਰੀਤਮ ਸਿੰਘ ਮਣਕੂ ਵੀ ਗੁਰੂ ਘਰ ਨਤਮਸਤਕ ਹੋਏ ।

# ਨਾਮੀ ਕਬੱਡੀ ਕਮੈਂਟੇਟਰ ਬਿੱਲਾ ਲਲਤੋਂ ਕਲਾਂ ਨੂੰ ਸਦਮਾ, ਮਾਤਾ ਮੁਖਤਿਆਰ ਕੌਰ ਜੀ ਚੱਲ ਵਸੇ, ਅੰਤਿਮ ਅਰਦਾਸ 23 ਮਈ ਨੂੰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਕਬੱਡੀ ਦੇ ਬਹੁਤ ਨਾਮੀ ਕਮੈਂਟੇਟਰ ਅਮਨਦੀਪ ਸਿੰਘ ਉਰਫ ਬਿੱਲਾ ਲਲਤੋਂ ਕਲਾਂ ਦੇ ਸਤਿਕਾਰਯੋਗ ਮਾਤਾ ਮਖ਼ਤਿਆਰ ਕੌਰ ਜੀ ਬੀਤੀ 15 ਮਈ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਹਨਾਂ ਦੀ ਬੇਵਕਤੀ ਮੌਤ ਦੇ ਨਾਲ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਕੁਝ ਸਮਾਂ ਪਹਿਲਾਂ ਬਿੱਲਾ ਲਲਤੋਂ ਦੇ ਪਿਤਾ ਜੈ ਸਿੰਘ ਅਤੇ ਉਨ੍ਹਾਂ ਦੀ ਭੈਣ ਬਲਜੀਤ ਕੌਰ ਦਾ ਵੀ ਦੇਹਾਂਤ ਹੋ ਗਿਆ ਸੀ । ਇਹਨਾਂ ਮੌਤਾਂ ਨਾਲ ਪਰਿਵਾਰ ਵਿੱਚ ਵੱਡਾ ਖਿਲਾਅ ਪਿਆ ਸੀ। ਸਵਰਗੀ ਮਾਤਾ ਮੁਖਤਿਆਰ ਕੌਰ ਕੌਰ ਨੇ ਬਿੱਲਾ ਲਲਤੋਂ ਕਲਾਂ ਨੂੰ ਵਧੀਆ ਸੰਸਕਾਰ ਦੇ ਕੇ ਸਮਾਜ ਦਾ ਹਾਣੀ ਬਣਾਇਆ ਹੈ। ਸਵਰਗੀ ਮਾਤਾ ਮਖਤਿਆਰ ਕੌਰ ਦੇ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 23 ਮਈ ਦਿਨ ਸ਼ੁੱਕਰਵਾਰ ਨੂੰ ਗੁਰਦੁਆਰਾ ਸਾਹਿਬ ਲਲਤੋਂ ਕਲਾਂ ਵਿਖੇ ਦੁਪਹਿਰ 12:30 ਤੋਂ 1:30 ਵਜੇ ਤੱਕ ਹੋਵੇਗੀ। ਇਸ ਮੌਕੇ ਕਬੱਡੀ ਦੀਆਂ ਵੱਖ ਵੱਖ ਫੈਡਰੇਸ਼ਨਾਂ ਦੇ ਅਹੁਦੇਦਾਰਾਂ, ਕਬੱਡੀ ਪ੍ਰਮੋਟਰਾਂ, ਕਬੱਡੀ ਕਮੈਂਟੇਟਰ ਅਤੇ ਸਮੂਹ ਖਿਡਾਰੀਆਂ ਨੇ ਬਿੱਲਾ ਲਲਤੋਂ ਕਲਾਂ ਦੇ ਮਾਤਾ ਮਖਤਿਆਰ ਕੌਰ ਦੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹਮਦਰਦੀ ਦਾ ਇਜ਼ਹਾਰ ਕੀਤਾ ਹੈ ।



## "ਨਾਂ" (ਨਾਮ) ਅਤੇ "ਭਾ ਜੀ" (ਭਰਾ ਲਈ) ਸ਼ਬਦ ਕਿਵੇਂ ਲਿਖੀਏ?

ਪੰਜਾਬੀ ਦੇ ਕੁਝ ਸ਼ਬਦ ਅਜਿਹੇ ਹਨ ਜਿਨ੍ਹਾਂ ਪਿੱਛੇ ਇੱਕ-ਦੂਜੇ ਦੀ ਦੇਖਾ-ਦੇਖੀ, ਬਿਨਾਂ ਲੋੜ ਤੋਂ ਹੀ 'ਅ' ਅੱਖਰ ਪਾਉਣ ਦਾ ਰਿਵਾਜ ਚੱਲ ਪਿਆ ਹੈ। ਅਜਿਹੇ ਸ਼ਬਦਾਂ ਵਿੱਚੋਂ ਇੱਕ ਸ਼ਬਦ ਹੈ: "ਨਾਂ"। ਇਹ ਸ਼ਬਦ ਹਿੰਦੀ/ਸੰਸਕ੍ਰਿਤ ਭਾਸ਼ਾਵਾਂ ਦੇ "ਨਾਮ" ਸ਼ਬਦ ਤੋਂ ਬਣਿਆ ਹੈ। ਇਸ ਲਈ "ਨਾਂ" ਸ਼ਬਦ "ਨਾਮ" ਸ਼ਬਦ ਦਾ ਹੀ ਤਦਭਵ ਰੂਪ ਹੈ। ਤਦਭਵ ਸ਼ਬਦ ਬਣਨ ਸਮੇਂ ਨਾਮ ਸ਼ਬਦ ਵਿਚਲਾ ਮ ਅੱਖਰ "ਨਾਂ" ਦੇ ਕੰਨੇ ਉੱਤੇ ਬਿੰਦੀ ਦੇ ਤੌਰ 'ਤੇ ਜਾ ਲੱਗਿਆ ਹੈ। ਦੂਜੀ ਗੱਲ ਇਹ ਹੈ ਕਿ ਨਾਂ (ਨਾਮ) ਸ਼ਬਦ ਦੇ ਸਮਾਨਾਰਥਕ ਹੋਰ ਕੋਈ ਵੀ ਸ਼ਬਦ ਨਹੀਂ ਹੈ। ਇਸ ਨਾਲ਼ ਰਲ਼ਦੇ-ਮਿਲ਼ਦੇ ਸ਼ਬਦ "ਨਾ" ("ਨਹੀਂ" ਦੇ ਅਰਥਾਂ ਵਾਲ਼ੇ) ਸ਼ਬਦ ਉੱਤੇ ਵੀ ਬਿੰਦੀ ਨਹੀਂ ਪੈਂਦੀ। ਫਿਰ ਇਸ (ਨਾਂ) ਸ਼ਬਦ ਪਿੱਛੇ ਅ ਅੱਖਰ ਵਾਧੂ ਪਾਉਣ ਦੀ ਖੇਚਲ਼ ਕਿਉਂ? ਅਜਿਹੇ ਫ਼ਾਲਤੂ ਦੇ ਬੋਝ ਤੋਂ ਬਚਣ ਦੀ ਲੋੜ ਹੈ। ਵਿਆਕਰਨ ਵਿੱਚ ਵਰਤੇ ਜਾਣ ਵਾਲ਼ੇ ਨਾਂਵ (ਨਾਂਵ/ਪੜਨਾਂਵ ਵਾਲ਼ੇ) ਸ਼ਬਦ ਨੂੰ ਵੀ ਇਸੇ ਤਰ੍ਹਾਂ ਵ ਅੱਖਰ ਨਾਲ਼ ਲਿਖਣਾ ਹੀ ਸਹੀ ਮੰਨ ਲਿਆ ਗਿਆ ਹੈ।

ਇਸ ਤੋਂ ਬਿਨਾਂ ਇੱਕ ਹੋਰ ਸ਼ਬਦ "ਭਾ ਜੀ" ਹੈ ਜਿਹੜਾ ਕਿ ਆਮ ਬੋਲ-ਚਾਲ ਦੀ ਬੋਲੀ ਵਿੱਚ "ਭਰਾ ਜੀ" ਦੀ ਥਾਂ ਵਰਤਿਆ ਜਾਂਦਾ ਹੈ। ਇਸ ਨੂੰ ਇਸੇ ਤਰ੍ਹਾਂ "ਭਾ ਜੀ" (ਤੋੜ ਕੇ) ਹੀ ਲਿਖਿਆ ਜਾਣਾ ਚਾਹੀਦਾ ਹੈ ਕਿਉਂਕਿ ਜੇਕਰ ਇਸ ਨੂੰ ਜੋੜ ਕੇ ਲਿਖਾਂਗੇ ਤਾਂ ਇਹ "ਭਾਜੀ" (ਸਬਜ਼ੀ ਜਾਂ ਵਿਆਹ ਸਮੇਂ ਵੰਡੀ ਜਾਣ ਵਾਲ਼ੀ ਭਾਜੀ) ਬਣ ਜਾਵੇਗਾ। ਜੇਕਰ "ਭਾ" ਪਿੱਛੇ ਅ ਲਾ ਕੇ "ਭਾਅ ਜੀ" ਲਿਖਾਂਗੇ ਤਾਂ "ਭਾਅ ਜੀ" ਬਣ ਜਾਵੇਗਾ ਜਿਸ ਵਿੱਚ "ਭਾਅ" ਦੇ ਅਰਥ ਹੋ ਜਾਣਗੇ: ਕਿਸੇ ਚੀਜ਼ ਦਾ ਮੁੱਲ ਜਾਂ ਕੀਮਤ। ਇਸ ਲਈ ਅਜਿਹੇ ਝਮੇਲਿਆਂ ਤੋਂ ਬਚਣ ਲਈ ਸਾਨੂੰ ਭਰਾ ਜੀ ਸ਼ਬਦ ਦੇ ਬਦਲ ਵਜੋਂ "ਭਾ ਜੀ" ਸ਼ਬਦ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ, "ਭਾਜੀ" ਜਾਂ "ਭਾਅ ਜੀ" ਆਦਿ ਦੀ ਨਹੀਂ।

**ਜਸਵੀਰ ਸਿੰਘ ਪਾਬਲਾ**
**98884-03052**



# ਰਾਮਲੀਲਾ ਕਮੇਟੀ (812), ਡੇਰਾਬੱਸੀ ਦੀ ਦੂਜੀ ਐਂਬੂਲੈਂਸ ਜੋ ਜਨਤਕ ਸੇਵਾ ਨੂੰ ਸਮਰਪਿਤ ਹੈ

**● ਇੱਕ ਸਮਾਰੋਹ ਵਿੱਚ, ਡੇਰਾਬੱਸੀ ਦੇ ਐਸਡੀਐਮ ਨੇ ਸ਼੍ਰੀ ਗਣੇਸ਼ ਪੂਜਾ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ● ਸ਼੍ਰੀ ਰਾਮਲੀਲਾ ਕਮੇਟੀ (812), ਡੇਰਾਬੱਸੀ ਦੁਆਰਾ ਖਰੀਦੀ ਗਈ ਨਵੀਂ ਐਂਬੂਲੈਂਸ ਨੂੰ ਸਮਰਪਿਤ ਕਰਦੇ ਹੋਏ ਐਸਡੀਐਮ ਅਤੇ ਹੋਰ।**



**ਡੇਰਾਬੱਸੀ ,ਮੋਹਾਲੀ ਸੰਜੀਵ ਸਿੰਘ ਸੈਣੀ**

ਸਾਢੇ ਚਾਰ ਦਹਾਕੇ ਪੁਰਾਣੀ ਸ਼੍ਰੀ ਰਾਮਲੀਲਾ ਕਮੇਟੀ (812), ਡੇਰਾਬੱਸੀ ਦੁਆਰਾ ਖਰੀਦੀ ਗਈ ਦੂਜੀ ਨਵੀਂ ਐਂਬੂਲੈਂਸ ਵੀ ਸੋਮਵਾਰ ਨੂੰ ਜਨਤਕ ਸੇਵਾ ਲਈ ਸਮਰਪਿਤ ਕੀਤੀ ਗਈ। ਡੇਰਾਬੱਸੀ ਦੇ ਐਸਡੀਐਮ ਅਮਿਤ ਗੁਪਤਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਗੱਡੀ ਨੂੰ ਹਰੀ ਝੰਡੀ ਦਿਖਾ ਕੇ ਇਸਦਾ ਰਸਮੀ ਉਦਘਾਟਨ ਕੀਤਾ। ਇਸ ਤੋਂ ਪਹਿਲਾਂ ਪ੍ਰਧਾਨ ਰਵਿੰਦਰ ਵੈਸ਼ਨਵ ਦੀ ਅਗਵਾਈ ਹੇਠ ਕਰਵਾਏ ਗਏ ਸਮਾਗਮ ਵਿੱਚ ਐਸਡੀਐਮ ਤੋਂ ਇਲਾਵਾ ਮਨਪ੍ਰੀਤ ਬਣੀ ਸੰਧੂ, ਕ੍ਰਿਸ਼ਨਪਾਲ ਸ਼ਰਮਾ ਅਤੇ ਗੁਰਦੀਪ ਚਾਹਲ ਨੂੰ ਵਿਸ਼ੇਸ਼ ਮਹਿਮਾਨ ਵਜੋਂ ਸਨਮਾਨਿਤ ਕੀਤਾ ਗਿਆ।

ਐਸਡੀਐਮ ਅਮਿਤ ਗੁਪਤਾ ਨੇ ਧਰਮ ਦੇ ਨਾਲ-ਨਾਲ ਸਮਾਜ ਸੇਵਾ ਦੇ ਕੰਮਾਂ ਵਿੱਚ ਮੋਹਰੀ ਭੂਮਿਕਾ ਨਿਭਾਉਣ ਲਈ ਸਭ ਤੋਂ ਪੁਰਾਣੀ ਕਮੇਟੀ ਦੀ ਸ਼ਲਾਘਾ ਕੀਤੀ। ਮਨਪ੍ਰੀਤ ਬਾਣੀ ਸੰਧੂ ਨੇ ਕਿਹਾ ਕਿ ਧਾਰਮਿਕ ਸਮਾਗਮਾਂ ਵਿੱਚ ਰਾਜਨੀਤੀ ਕਾਰਨ ਸਭ ਤੋਂ ਪੁਰਾਣੀ ਕਮੇਟੀ ਰਾਮਲੀਲਾ ਸਟੇਜ ਅਤੇ ਬੱਸ ਸਟੈਂਡ ਤੋਂ ਵਾਂਝੀ ਰਹਿ ਗਈ। ਜੇਕਰ ਭਾਜਪਾ ਸਰਕਾਰ ਆਉਂਦੀ ਹੈ, ਤਾਂ ਅਸੀਂ ਪੂਰੇ ਸਤਿਕਾਰ ਨਾਲ ਕਮੇਟੀ ਨੰਬਰ 812 ਦੁਆਰਾ ਤਿਆਰ ਕੀਤਾ ਗਿਆ ਸਟੇਜ ਇਸ ਕਮੇਟੀ ਨੂੰ ਸੌਂਪ ਦੇਵਾਂਗੇ। ਕ੍ਰਿਸ਼ਨਪਾਲ ਸ਼ਰਮਾ ਨੇ ਕਿਹਾ ਕਿ ਇਹ ਪਹਿਲੀ ਸਭ ਤੋਂ ਪੁਰਾਣੀ ਕਮੇਟੀ ਹੈ ਜਿਸ ਵਿੱਚ ਚੋਣਾਂ ਦੌਰਾਨ ਕਦੇ ਵੀ ਵੋਟ ਪਾਉਣ ਦੀ ਲੋੜ ਨਹੀਂ ਪਈ। ਹਰ ਚੋਣ ਸਰਬਸੰਮਤੀ ਨਾਲ ਸਮਾਪਤ ਹੋਈ, ਉਥੇ ਪ੍ਰਧਾਨ ਰਵਿੰਦਰ ਵੈਸ਼ਨਵ ਦੀ ਸੇਵਾਵਾਂ ਨੂੰ ਮੁੱਖ ਰੱਖ ਕੇ ਉਹਨਾਂ ਨੂੰ ਇਹ ਜਿੰਮੇਵਾਰੀ ਸੌਂਪੀ ਜਾਂਦੀ ਹੈ। ਜਿਲਾ ਜਨਰਲ ਸਕੱਤਰ ਰਵਿੰਦਰ ਰਾਣਾ ਅਤੇ ਭਾਜਪਾ ਮੰਡਲ ਪ੍ਰਧਾਨ ਅਮਨ ਰਾਣਾ ਨੇ ਇੱਕ ਹੋਰ ਐਂਬੂਲੈਂਸ ਸੇਵਾ ਲਈ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਭਾਵੀਪ ਦੇ ਪ੍ਰਧਾਨ ਬਰਖਾਰਾਮ, ਲਾਇਨਜ਼ ਕਲੱਬ ਦੇ ਪ੍ਰਧਾਨ ਬਲਕਾਰ ਸਿੰਘ, ਸਰਵਹਿਤਕਾਰੀ ਸਕੂਲ ਦੇ ਪ੍ਰਿੰਸੀਪਲ ਪਵਨ ਰਾਣਾ ਅਤੇ ਡੀਏਵੀ ਸਕੂਲ ਦੇ ਪ੍ਰਿੰਸੀਪਲ ਪ੍ਰੀਤਮ ਦਾਸ ਨੇ ਵੀ ਐਂਬੂਲੈਂਸ ਸੇਵਾ ਸ਼ੁਰੂ ਕਰਨ ਲਈ ਕਮੇਟੀ ਦੀ ਪ੍ਰਸ਼ੰਸਾ ਕੀਤੀ। ਕੈਸ਼ੀਅਰ ਉਪੇਸ਼ ਬਾਂਸਲ ਨੇ ਕਿਹਾ ਕਿ ਰਾਮਲੀਲਾ ਕਮੇਟੀ ਪਿਛਲੇ 15 ਸਾਲਾਂ ਤੋਂ ਆਪਣੇ ਖਰਚੇ 'ਤੇ ਮਰੀਜ਼ਾਂ ਦੀ ਸਹੂਲਤ ਲਈ ਐਂਬੂਲੈਂਸ ਚਲਾ ਰਹੀ ਹੈ। ਇਲਾਕੇ ਦੇ ਸਮਾਜ ਸੇਵਕਾਂ ਦੀ ਮਦਦ ਨਾਲ, ਲਗਭਗ 10 ਲੱਖ ਰੁਪਏ ਦੀ ਲਾਗਤ ਨਾਲ ਇੱਕ ਐਂਬੂਲੈਂਸ ਖਰੀਦੀ ਗਈ ਹੈ। ਇਹ ਆਧੁਨਿਕ ਡਾਕਟਰੀ ਉਪਕਰਣਾਂ ਅਤੇ ਫੋਲਡਿੰਗ ਸਟਰੈਚਰ ਨਾਲ ਲੈਸ ਹੈ। ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਬਲਬੀਰ ਮੱਗੋ, ਚੇਅਰਮੈਨ ਮਨੋਜ ਰਾਜਪੂਤ, ਜਨਰਲ ਸਕੱਤਰ ਦਿਨੇਸ਼ ਵੈਸ਼ਨਵ, ਡਾਇਰੈਕਟਰ ਸੰਜੀਵ ਥੰਮਣ, ਸਰਪ੍ਰਸਤ ਪਵਨ ਧੀਮਾਨ, ਮੀਤ ਪ੍ਰਧਾਨ ਸੁਸ਼ੀਲ ਧੀਮਾਨ, ਸੰਯੁਕਤ ਸਕੱਤਰ ਸਤਪਾਲ ਅੱਤਰੀ, ਮੁਕੇਸ਼ ਮੈਗੋ, ਯੋਗੇਸ਼ ਅਤੇ ਸਤਪਾਲ ਅੱਤਰੀ ਆਦਿ ਹਾਜ਼ਰ ਸਨ।

# 15ਵਾਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਦੂਜਾ ਦਿਨ

## ਜਰਖੜ ਹਾਕੀ ਅਕੈਡਮੀ ਅਤੇ ਕਿਲਾ ਰਾਏਪੁਰ ਨੇ ਆਪਣੇ ਜੇਤੂ ਕਦਮ ਅੱਗੇ ਵਧਾਏ







**ਲੁਧਿਆਣਾ (ਕਰਨੈਲ ਸਿੰਘ ਐੱਮ.ਏ./ਹਰਜਿੰਦਰ ਪਾਲ ਛਾਬੜਾ))** ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ ਕਰਵਾਏ ਜਾ ਰਹੇ 15ਵੇਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਦੂਸਰੇ ਦਿਨ ਖੇਡੇ ਗਏ ਮੈਚਾਂ ਵਿੱਚ ਜਰਖੜ ਹਾਕੀ ਅਕੈਡਮੀ ਅਤੇ ਕਿਲਾ ਰਾਏਪੁਰ ਨੇ ਜੂਨੀਅਰ ਅਤੇ ਸੀਨੀਅਰ ਵਰਗ ਵਿੱਚ ਜਿੱਤਾਂ ਹਾਸਲ ਕਰਕੇ ਆਪਣੇ ਜੇਤੂ ਖਤਮ ਅੱਗੇ ਵਧਾਏ ।ਮਾਤਾ ਸਾਹਿਬ ਕੌਰ ਖੇਡ ਕੰਪਲੈਕਸ ਜਰਖੜ ਵਿਖੇ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਜਾ ਰਹੇ ਇਸ ਰਾਜ ਪੱਧਰੀ ਹਾਕੀ ਫੈਸਟੀਵਲ ਵਿੱਚ ਅੱਜ ਮੁਢਲੇ ਗੇੜ ਦੇ ਮੈਚਾਂ ਵਿੱਚ ਜਰਖੜ ਅਕੈਡਮੀ ਨੇ ਗੁਰੂ ਤੇਗ ਬਹਾਦਰ ਚਚਰਾੜੀ ਅਕੈਡਮੀ ਨੂੰ 5-4 ਗੋਲਾਂ ਨਾਲ ਹਰਾਇਆ । ਜਰਖੜ ਅਕੈਡਮੀ ਦਾ ਗੁਰਮਾਨਵਦੀਪ ਸਿੰਘ "ਡਾਵਰ ਹੀਰੋ ਆਫ਼ ਦਾ ਮੈਚ " ਬਣਿਆ । ਦੂਸਰੇ ਜੂਨੀਅਰ ਵਰਗ ਦੇ ਮੈਚ ਵਿੱਚ ਰਾਊਂਡ ਗਲਾਸ ਕਿਲਾ ਰਾਇਪੁਰ ਹਾਕੀ ਸੈਂਟਰ ਨੇ ਐਚਟੀਸੀ ਰਾਮ-ਪੁਰ ਨੂੰ 5-2 ਗੋਲਾਂ ਨਾਲ ਮਾਤ ਦਿੱਤੀ। ਜੇਤੂ ਟੀਮ ਦਾ ਉਮਰ ਮੈਨ ਆਫ ਦਾ ਮੈਚ ਬਣਿਆ। ਜਦਕਿ ਸੀਨੀਅਰ ਵਰਗ ਵਿੱਚ ਕਿਲਾ ਰਾਇਪੁਰ ਕਲੱਬ ਨੇ ਨੀਟਾ ਕਲੱਬ ਰਾਮਪੁਰ ਨੂੰ 5-4 ਗੋਲਾਂ ਨਾਲ ਹਰਾਇਆ । ਕਿਲਾ ਰਾਏਪੁਰ ਦਾ ਅਰਸ਼ਪ੍ਰੀਤ ਸਿੰਘ "ਡਾਬਰ ਹੀਰੋ ਆਫ਼ ਦਾ ਮੈਚ ਬਣਿਆ। ਆਖ਼ਰੀ ਲੀਗ ਮੈਚ ਵਿੱਚ ਜਰਖੜ ਹਾਕੀ ਅਕੈਡਮੀ ਨੇ ਬਾਬਾ ਕਿਰਪਾਲ ਦਾਸ ਹਾਕੀ ਅਕੈਡਮੀ ਹੇਰਾਂ ਨੂੰ 5-4 ਗੋਲਾਂ ਦੇ ਨਾਲ ਹਰਾ ਕੇ ਪਹਿਲੀ ਜਿੱਤ ਹਾਸਿਲ ਕੀਤੀ । ਜਰਖੜ ਅਕੈਡਮੀ ਦਾ ਸੰਜੇ ਸਿੰਘ ਡਾਬਰ ਹੀਰੋ ਆਫ਼ ਦਾ ਮੈਚ ਬਣਿਆ।

ਅੱਜ ਦੇ ਮੈਚਾਂ ਦੌਰਾਨ ਅੰਤਰਰਾਸ਼ਟਰੀ ਵੇਟ ਲਿਫਟਰ ਅਤੇ ਦੇਹਰੀਵਾਲ ਵੇਟ ਲਿਫਟਿੰਗ ਸੈਂਟਰ ਦੇ ਮੁੱਖ ਪ੍ਰਬੰਧਕ ਹਰਦੀਪ ਸਿੰਘ ਸੈਣੀ, ਹਰਜੋਤ ਸਿੰਘ ਕੈਨੇਡਾ, ਹਰਦੇਵ ਸਿੰਘ, ਸਾਹਿਬਜੀਤ ਸਿੰਘ ਸਾਬੀ ਜਰਖੜ ਅਤੇ ਮਨਜਿੰਦਰ ਸਿੰਘ ਇਆਲੀ ਨੇ ਮੁੱਖ ਮਹਿਮਾਨ ਵਜੋਂ ਖਿਡਾਰੀਆਂ ਦੇ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਪ੍ਰਬੰਧਕ ਕੁਲਦੀਪ ਸਿੰਘ ਘਵੱਦੀ, ਤੇਜਿੰਦਰ ਸਿੰਘ ਜਰਖੜ, ਜਸਮੇਲ ਸਿੰਘ ਨੋਕਵਾਲ, ਗੁਰਵਿੰਦਰ ਸਿੰਘ ਕਿਲਾ ਰਾਏਪੁਰ, ਅਜੀਤਪਾਲ ਸਿੰਘ ਨਾਰੰਗਵਾਲ, ਗੁਰਤੇਜ ਸਿੰਘ ਲਾਡੀ, ਪਰਮਜੀਤ ਸਿੰਘ ਪੰਮਾ ਗਰੇਵਾਲ, ਸ਼ਿੰਗਾਰਾ ਸਿੰਘ ਜਰਖੜ, ਮਨਜੀਤ ਸਿੰਘ ਚਾਹਿਲ ਡੰਗੋਰਾ, ਬਾਬਾ ਰੁਲਦਾ ਸਿੰਘ ਸਾਇਆਂ ਕਲਾਂ ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਗੁਰਸਤਿੰਦਰ ਸਿੰਘ ਪਰਗਟ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਅਗਲੇ ਗੇੜ ਦੇ ਮੈਚ 24 ਅਤੇ 25 ਮਈ ਨੂੰ ਖੇਡੇ ਜਾਣਗੇ।

# ਜੰਗੀ ਜਨੂੰਨ ਤੇ ਫਿਰਕੂ ਨਫ਼ਰਤ ਖਿਲਾਫ ਪ੍ਰਭਾਵਸ਼ਾਲੀ ਸਾਂਝੀ ਕਨਵੈਨਸ਼ਨ ਦਾ ਆਯੋਜਨ

## ਕਈ ਅਹਿਮ ਮੰਗਾਂ ਉਭਾਰੀਆਂ, ਸੋਸ਼ਲ ਮੀਡੀਆ 'ਤੇ ਪੋਸਟ ਪਾਉਣ ਬਦਲੇ ਗ੍ਰਿਫਤਾਰ ਪ੍ਰੋਫੈਸਰ ਅਤੇ ਵਿਦਿਆਰਥੀ ਆਗੂ ਦੀ ਰਿਹਾਈ ਮੰਗੀ








**ਮਾਨਸਾ, (ਜਸਵੰਤ ਗਿੱਲ ਸਮਾਲਸਰ)**

ਅੱਜ ਸਥਾਨਕ ਬਾਬਾ ਬੂਝਾ ਸਿੰਘ ਯਾਦਗਾਰ ਭਵਨ ਵਿਖੇ ਪਹਿਲਗਾਮ ਵਿਖੇ ਹੋਏ ਸੈਲਾਨੀਆਂ ਦੇ ਦਰਦਨਾਕ ਕਤਲੇਆਮ ਤੋਂ ਬਾਅਦ ਸੰਘ ਬੀਜੇਪੀ ਦੇ ਸਮੁੱਚੇ ਤੰਤਰ ਵਲੋਂ ਦੇਸ਼ ਵਿੱਚ ਫੈਲਾਏ ਜਾ ਰਹੇ ਜੰਗੀ ਜਨੂੰਨ ਅਤੇ ਮੁਸਲਿਮ ਭਾਈਚਾਰੇ ਖ਼ਿਲਾਫ਼ ਚਲਾਈ ਜਾ ਰਹੀ ਫਿਰਕੂ ਨਫ਼ਰਤ ਦੀ ਮੁਹਿੰਮ ਖ਼ਿਲਾਫ਼ ਇਕ ਪ੍ਰਭਾਵਸ਼ਾਲੀ ਸਾਂਝੀ ਕਨਵੈਨਸ਼ਨ ਕੀਤੀ ਗਈ। ਇਹ ਕਨਵੈਨਸ਼ਨ 1990 ਵਿੱਚ ਅੱਜ ਦੇ ਦਿਨ ਜੰਗ ਵਿਰੋਧੀ ਅੰਦੋਲਨ ਵਿੱਚ ਸ਼ਾਮਲ ਹੋਣ ਲਈ ਦਿੱਲੀ ਜਾਂਦੇ ਵਕਤ ਸਦਾ ਲਈ ਵਿਛੜ ਗਏ ਦੋ ਇਨਕਲਾਬੀ ਨੌਜਵਾਨਾਂ ਕਾਮਰੇਡ ਬਲਵਿੰਦਰ ਸਿੰਘ ਸਮਾਓਂ ਅਤੇ ਕਾਮਰੇਡ ਮਨੋਜ ਕੁਮਾਰ ਮਿੱਤਲ ਦੀ 35ਵੀਂ ਬਰਸੀ ਨੂੰ ਸਮਰਪਿਤ ਸੀ। ਇਸ ਮੌਕੇ ਉੱਘੇ ਕਮਿਊਨਿਸਟ ਆਗੂ ਤੇ ਦੇਸ਼ਭਗਤ ਭਾਈ ਸੰਤੋਖ ਸਿੰਘ ਧਰਦਿਓ ਨੂੰ ਵੀ ਉਨ੍ਹਾਂ ਦੀ 92ਵੀਂ ਬਰਸੀ ਮੌਕੇ ਯਾਦ ਕੀਤਾ ਗਿਆ।

ਕਨਵੈਨਸ਼ਨ ਦੀ ਸ਼ੁਰੂਆਤ ਸ਼ਹੀਦ ਬਲਵਿੰਦਰ ਤੇ ਮਨੋਜ, ਪਹਿਲਗਾਮ ਵਿਖੇ ਕਤਲ ਕਰ ਦਿੱਤੇ ਗਏ ਸਾਰੇ ਸੈਲਾਨੀਆਂ ਅਤੇ ਜੰਗੀ ਟਕਰਾਅ ਵਿੱਚ ਮਾਰੇ ਗਏ ਦੇਸ਼ਵਾਸੀਆਂ ਦੀ ਯਾਦ ਵਿੱਚ ਇਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਅਰਪਿਤ ਕਰਨ ਨਾਲ ਹੋਈ। ਕਨਵੈਨਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਲਿਬਰੇਸ਼ਨ ਦੇ ਲੀਡਰ ਤੇ ਉਘੇ ਕਿਸਾਨ ਆਗੂ ਰੁਲਦੂ ਸਿੰਘ ਮਾਨਸਾ, ਆਈਡੀਪੀ ਆਗੂ ਦਰਸ਼ਨ ਸਿੰਘ ਧਨੇਠਾ, ਕੁਦਰਤ ਮਾਨਵ ਕੇਂਦਰਤ ਲੋਕ ਲਹਿਰ ਵਲੋਂ ਪ੍ਰਿੰਸੀਪਲ ਗੁਰਲਾਭ ਸਿੰਘ, ਮੁਸਲਿਮ ਫਰੰਟ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਰਵੀ ਖਾਨ ਅਤੇ ਸ਼ਹੀਦ ਬਲਵਿੰਦਰ ਸਮਾਓਂ ਦੇ ਛੋਟੇ ਭਰਾ ਕਾਮਰੇਡ ਭੋਲਾ ਸਿੰਘ ਸਮਾਓਂ ਸ਼ਾਮਲ ਸਨ। ਕਨਵੈਨਸ਼ਨ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਸੁਖਦਰਸ਼ਨ ਸਿੰਘ ਨੱਤ, ਸੁਖਦੇਵ ਸਿੰਘ ਭੁਪਾਲ, ਕਰਨੈਲ ਸਿੰਘ ਜਖੇਪਲ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਡਾਕਟਰ ਧੰਨਾ ਮੱਲ ਗੋਇਲ, ਸੋਸ਼ਲਿਸਟ ਪਾਰਟੀ ਆਫ਼ ਇੰਡੀਆ ਵਲੋਂ ਸਰਬਜੀਤ ਕੌਸ਼ਲ ਤੇ ਲੋਕ ਚੇਤਨਾ ਮੰਚ ਲਹਿਰਾਗਾਗਾ ਵਲੋਂ ਜਗਦੀਸ਼ ਪਾਪੜਾ ਸ਼ਾਮਲ ਸਨ। ਮੰਚ ਸੰਚਾਲਨ ਕਾਮਰੇਡ ਸੁਰਿੰਦਰ ਪਾਲ ਸ਼ਰਮਾ ਵਲੋਂ ਕੀਤਾ ਗਿਆ।

ਕਨਵੈਨਸ਼ਨ ਵਿੱਚ ਇਸ ਨੂੰ ਜਥੇਬੰਦ ਕਰਨ ਵਾਲੀਆਂ ਧਿਰਾਂ ਦੇ ਵਰਕਰਾਂ ਤੋਂ ਇਲਾਵਾ ਪੰਜਾਬ ਕਿਸਾਨ ਯੂਨੀਅਨ ਸਮੇਤ ਵੱਖ ਵੱਖ ਕਿਸਾਨ ਜਥੇਬੰਦੀਆਂ, ਮਜ਼ਦੂਰ ਮੁਕਤੀ ਮੋਰਚਾ, ਆਇਸਾ ਤੇ ਏਪਵਾ ਦੇ ਆਗੂ ਤੇ ਵਰਕਰ ਸ਼ਾਮਲ ਹੋਏ। ਲੋਕ ਗਾਇਕ ਅਜਮੇਰ ਅਕਲੀਆ ਨੇ ਅਪਣੇ ਗੀਤਾਂ ਰਾਹੀਂ ਜੰਗ ਤੇ ਜੰਗੀ ਜਨੂੰਨ ਦਾ ਪਾਜ਼ ਉਘੇੜਿਆ।

ਕਨਵੈਨਸ਼ਨ ਵਿੱਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਕਿ ਜੰਗਾਂ ਬਰਬਾਦੀ ਤੋਂ ਇਲਾਵਾ ਕੁੱਝ ਵੀ ਨਹੀਂ ਦਿੰਦੀਆਂ ਅਤੇ ਕੋਈ ਮਸਲਾ ਹੱਲ ਕਰਨ ਦੀ ਬਜਾਏ ਉਲਟਾ ਗੰਭੀਰ ਨਵੀਆਂ ਸਮੱਸਿਆਵਾਂ ਖੜ੍ਹੀਆਂ ਕਰ ਦਿੰਦੀਆਂ ਹਨ।

ਸੀ.ਪੀ.ਆਈ. (ਐੱਮ.ਐੱਲ.) ਲਿਬਰੇਸ਼ਨ ਦੇ ਬੁਲਾਰੇ ਸੁਖਦਰਸ਼ਨ ਸਿੰਘ ਨੱਤ ਨੇ ਕਿਹਾ ਕਿ ਪਹਿਲਗਾਮ ਦੀ ਘਟਨਾ ਤੋਂ ਬਾਅਦ ਸੁਰਖਿਆ ਪ੍ਰਤੀ ਅਪਣੀ ਘੋਰ ਅਣਗਹਿਲੀ ਉਤੇ ਪਰਦਾ ਪਾਉਣ ਲਈ ਬੀਜੇਪੀ ਤੇ ਮੋਦੀ ਸਰਕਾਰ ਨੇ ਦੇਸ਼ ਅੰਦਰ ਅਜਿਹਾ ਮਾਹੌਲ ਸਿਰਜਿਆ, ਜਿਸ ਨਾਲ ਮੁਸਲਿਮ ਘੱਟਗਿਣਤੀ ਖਿਲਾਫ ਲੋਕਾਂ ਦੀਆਂ ਫ਼ਿਰਕੂ ਭਾਵਨਾਵਾਂ ਨੂੰ ਮਿੱਥ ਕੇ ਹਵਾ ਦਿੱਤੀ ਗਈ। ਉਹਨਾਂ ਕਿਹਾ ਕਿ ਕਸ਼ਮੀਰੀ ਅਤੇ ਪੰਜਾਬੀ, ਭਾਵੇਂ ਉਹ ਭਾਰਤ ਦੇ ਸ਼ਹਿਰੀ ਹਨ ਜਾਂ ਪਾਕਿਸਤਾਨ ਦੇ - ਕਦੇ ਵੀ ਜੰਗ ਨਹੀਂ ਚਾਹੁੰਦੇ। ਕੁਦਰਤ ਮਾਨਵ ਕੇਂਦਰਤ ਲੋਕ ਲਹਿਰ ਦੇ ਕੇਂਦਰੀ ਆਗੂ ਸੁਖਦੇਵ ਸਿੰਘ ਭੁਪਾਲ ਨੇ ਕਿਹਾ ਕਿ ਪਹਿਲਗਾਮ ਵਿੱਚ ਖਾੜਕੂਆਂ ਵੱਲੋਂ ਮਾਰੇ ਗਏ ਨਿਰਦੋਸ਼ ਲੋਕਾਂ ਦੀ ਘਟਨਾ ਜਿੱਥੇ ਬਹੁਤ ਹੀ ਮੰਦਭਾਗੀ ਸੀ, ਉੱਥੇ ਇਸ ਘਟਨਾ ਨੇ ਕੇਂਦਰ ਸਰਕਾਰ ਦੇ ਜੰਮੂ ਕਸ਼ਮੀਰ ਵਿਚ ਹਾਲਤ ਦੇ ਆਮ ਵਰਗਾ ਹੋਣ ਦੇ ਦਾਅਵਿਆਂ ਉਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ। ਕੇਂਦਰ ਸਰਕਾਰ ਵੱਲੋਂ ਇਸ ਘਟਨਾ ਸਬੰਧੀ ਹੋਈ ਕੋਤਾਹੀ ਦੀ ਜ਼ੁੰਮੇਵਾਰੀ ਲੈਣ ਦੀ ਬਜਾਏ ਲੋਕਾਂ ਦਾ ਇਸ ਪਾਸਿਉਂ ਧਿਆਨ ਹਟਾਉਣ ਲਈ ਪਾਕਿਸਤਾਨ ਵਿਰੁੱਧ ਜੰਗ ਦਾ ਇੱਕ ਨਵਾਂ ਹੀ ਬਿਰਤਾਂਤ ਸਿਰਜ ਦਿੱਤਾ ਗਿਆ। ਇੰਟਰਨੈਸ਼ਨਲ ਡੈਮੋਕ੍ਰੇਟਿਕ ਪਲੇਟਫਾਰਮ ਦੇ ਕੌਮੀ ਪ੍ਰਧਾਨ ਕਰਨੈਲ ਸਿੰਘ ਜਖੇਪਲ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਗੁਆਂਢੀ ਮੁਲਕ ਹਨ, ਤੁਸੀਂ ਗੁਆਂਢੀ ਨੂੰ ਬਦਲ ਨਹੀਂ ਸਕਦੇ। ਦੋਵਾਂ ਮੁਲਕਾਂ ਦੇ ਲੋਕਾਂ ਦੇ ਆਰਥਿਕ ਹਾਲਾਤ ਅਤੇ ਹੋਰ ਸਮੱਸਿਆਵਾਂ ਵੀ ਮਿਲਦੀਆਂ ਜੁਲਦੀਆਂ ਹਨ। ਭਾਵੇਂ ਦੋਵਾਂ ਮੁਲਕਾਂ ਦੇ ਲੋਕ ਇੱਕੋ ਹੀ ਨਸਲ ਦੇ ਹਨ, ਪਰ ਦੋਵੇਂ ਹੀ ਦੇਸ਼ ਖ਼ਤਰਨਾਕ ਪਰਮਾਣੂ ਹਥਿਆਰਾਂ ਨਾਲ ਲੈਸ ਹਨ। ਪੰਜਾਬ ਜਮਹੂਰੀ ਮੋਰਚੇ ਦੇ ਆਗੂ ਭਜਨ ਸਿੰਘ ਘੁੰਮਣ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੇ ਸੱਤਾਧਾਰੀ ਹਾਕਮਾਂ ਵੱਲੋਂ ਲੋਕਾਂ ਦੀ ਮਾਨਸਿਕਤਾ ਨੂੰ ਜੰਗ-ਪੱਖੀ ਬਣਾਇਆ ਜਾ ਰਿਹਾ ਹੈ। ਦੋਵਾਂ ਮੁਲਕਾਂ ਦੇ ਲੋਕਾਂ ਦੇ ਬੁਨਿਆਦੀ ਮਸਲੇ

ਗ਼ਰੀਬੀ, ਬੇਰੁਜਗਾਰੀ, ਭ੍ਰਿਸ਼ਟਾਚਾਰ ਆਦਿ ਹਨ, ਜੋ ਇੱਕ ਲੋਕ ਹਿੱਤੂ ਸਮਾਜਿਕ ਤੇ ਰਾਜਸੀ ਪ੍ਰਬੰਧ ਸਿਰਜ ਕੇ ਹੀ ਹੱਲ ਕੀਤੇ ਜਾ ਸਕਦੇ ਹਨ। ਲਿਬਰੇਸ਼ਨ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਾਜਵਿੰਦਰ ਸਿੰਘ ਰਾਣਾ ਦਾ ਕਹਿਣਾ ਸੀ ਕਿ ਜੇਕਰ ਦੋਵੇਂ ਮੁਲਕ ਆਪਸ ਵਿੱਚ ਲੜਨਗੇ ਅਤੇ ਆਪਣੇ ਕੁਦਰਤੀ ਤੇ ਮਨੁੱਖੀ ਸਾਧਨਾਂ ਦਾ ਵੱਡਾ ਹਿੱਸਾ ਜੰਗੀ ਤਿਆਰੀਆਂ ਤੇ ਹਥਿਆਰਾਂ ਉੱਤੇ ਖ਼ਰਚ ਕਰਨਗੇ, ਤਾਂ ਦੋਵੇਂ ਮੁਲਕ ਤਰੱਕੀ ਕਰਨ ਦੀ ਬਜਾਏ ਹੋਰ ਪਛੜਨਗੇ। ਇਸ ਕਰਕੇ ਦੋਵਾਂ ਮੁਲਕਾਂ ਨੂੰ ਇੱਕ ਦੂਜੇ ਨੂੰ ਠਿੱਬੀ ਲਾਉਣ ਅਤੇ ਨੀਵਾਂ ਵਿਖਾਉਣ ਦੀ ਬਜਾਏ ਮਿਲ-ਬੈਠ ਕੇ ਗੱਲਬਾਤ ਰਾਹੀਂ ਹੀ ਮਸਲਿਆਂ ਦਾ ਹੱਲ ਕੱਢਣ ਲਈ ਸੋਚਣ ਦੀ ਲੋੜ ਹੈ।

ਕਨਵੈਨਸ਼ਨ ਨੇ ਮੰਗ ਕੀਤੀ ਗਈ ਕਿ ਸਿੰਧ ਜਲ ਸੰਧੀ ਤੇ ਸ਼ਿਮਲਾ ਸਮਝੌਤਾ ਮੁਲਤਵੀ ਕਰਨ ਵਰਗੇ ਸਖ਼ਤ ਕਦਮ ਵਾਪਸ ਲਏ ਜਾਣ, ਵਾਹਗਾ ਬਾਰਡਰ ਰਸਤੇ ਬੰਦ ਕੀਤੀ ਆਵਾਜਾਈ ਤੇ ਵਪਾਰ ਨੂੰ ਮੁੜ ਖੋਹਲਿਆ ਜਾਵੇ, ਜੰਮੂ ਕਸ਼ਮੀਰ ਦਾ ਸੂਬੇ ਦਾ ਦਰਜਾ ਤੁਰੰਤ ਬਹਾਲ ਕੀਤਾ ਜਾਵੇ ਅਤੇ ਲਦਾਖ਼ ਨੂੰ ਮੁੜ ਰਿਆਸਤ ਵਿੱਚ ਸ਼ਾਮਲ ਕੀਤਾ ਜਾਵੇ, ਕਰਤਾਰਪੁਰ ਸਾਹਿਬ ਲਾਂਘਾਂ ਨੂੰ ਮੁੜ ਖੋਲ੍ਹਿਆ ਜਾਵੇ, ਭਾਰਤ ਪਾਕਿਸਤਾਨ ਸਰਹੱਦ ਉੱਪਰ ਮੁਕੰਮਲ ਗੋਲੀਬੰਦੀ ਕੀਤੀ ਜਾਵੇ ਅਤੇ ਭਾਰਤ ਚੀਨ ਬਾਰਡਰ ਦੀ ਤਰਜ਼ ਤੇ, ਭਾਰਤ ਪਾਕ ਬਾਰਡਰ ਅਤੇ ਐਲਓਸੀ ਉੱਪਰ ਬਿਨਾਂ ਹਥਿਆਰ ਗਸ਼ਤ ਦਾ ਸਮਝੌਤਾ ਕੀਤਾ ਜਾਵੇ।

ਕਨਵੈਨਸ਼ਨ ਵਲੋਂ ਪਾਸ ਕੀਤੇ ਇਕ ਵਿਸ਼ੇਸ਼ ਮਤੇ ਵਿੱਚ ਫੇਸਬੁੱਕ ਉਤੇ ਭਾਰਤ ਪਾਕ ਟਕਰਾਅ ਬਾਰੇ ਪੋਸਟ ਪਾਉਣ ਬਦਲੇ ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਦੀ ਉਤਰ ਪ੍ਰਦੇਸ਼ ਇਕਾਈ ਦੇ ਪ੍ਰਧਾਨ ਮੁਨੀਸ਼ ਕੁਮਾਰ ਨੂੰ ਅਤੇ ਦਿੱਲੀ ਦੀ ਅਸ਼ੋਕਾ ਯੂਨੀਵਰਸਿਟੀ ਦੇ ਪ੍ਰੋਫੈਸਰ ਅਲੀ ਖਾਨ ਮਹਿਮੂਦਾਬਾਦ ਖਿਲਾਫ ਸਰਕਾਰ ਵਲੋਂ ਕੇਸ ਦਰਜ ਕਰਨ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਸਖ਼ਤ ਨਿੰਦਾ ਕੀਤੀ ਅਤੇ ਦਰਜ ਕੇਸ ਰੱਦ ਕਰਨ ਦੀ ਮੰਗ ਕੀਤੀ ਗਈ।

ਸੀਪੀਆਈ (ਐਮ ਐਲ) ਲਿਬਰੇਸ਼ਨ ਨੇ ਇਸ ਸਿਲਸਿਲੇ ਵਿੱਚ 4 ਜੂਨ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਇੱਕ ਸੂਬਾ ਪੱਧਰੀ ਜੰਗੀ ਜਨੂੰਨ ਵਿਰੋਧੀ ਕਨਵੈਨਸ਼ਨ ਕਰਨ ਦਾ ਵੀ ਐਲਾਨ ਕੀਤਾ।


## ਸੋਸ਼ਲ ਮੀਡੀਆ

ਇਸ ਡੱਬੀ 'ਜਹੀ ਨੇ ਬੱਚੇ ,
ਪਾਗ਼ਲ ਬਣਾ ਦਿੱਤੇ ਨੇ ।
ਕਈ ਮਾਨਸਿਕ ਤੇ ਜਿਸਮਾਨੀ,
ਰੋਗ ਲਗਾ ਦਿੱਤੇ ਨੇ ।
ਜਿਸ ਕੰਮ ਲਈ ਇਹ ਬਣਿਐਂ,
ਉਹ ਤਾਂ ਕੋਈ ਹੀ ਕਰਦੈ,
ਏਸ ਨੇ ਬੱਚੇ ਅਤੇ ਗੱਭਰੂ,
ਰਾਹੋਂ ਭਟਕਾ ਦਿੱਤੇ ਨੇ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## .ਗ਼ਜ਼ਲ



ਆਉਂਦਿਆਂ ਨੂੰ, ਜਾਂਦਿਆਂ ਨੂੰ ਦੇਖਦਾ ਹੈ ਮੀਲ-ਪੱਥਰ।
ਖ਼ੁਦ ਕਦੇ ਨਾ ਦੋ ਕਦਮ ਵੀ ਚੱਲਦਾ ਹੈ ਮੀਲ-ਪੱਥਰ।
ਉਂਞ ਕੁੱਝ ਵੀ ਬੋਲ ਕੇ ਨਾ ਦੱਸਦਾ ਹੈ ਮੀਲ-ਪੱਥਰ।
ਪਰ ਹਮੇਸ਼ਾ ਰਸਤਿਆਂ 'ਤੇ ਤੋਰਦਾ ਹੈ ਮੀਲ-ਪੱਥਰ।
ਅਟਕ ਜਾਂਦੇ ਹਾਰ ਕੇ ਜਦ ਘੂਰਦਾ ਹੈ ਮੀਲ-ਪੱਥਰ।
ਹਾਰਿਆਂ ਨੂੰ ਫੇਰ ਹਿੰਮਤ ਬਖ਼ਸ਼ਦਾ ਹੈ ਮੀਲ-ਪੱਥਰ।
ਆਸਰਾ ਲੈ ਕੇ ਇਸੇ ਦਾ ਪਹੁੰਚਦੇ ਰਾਹਗੀਰ ਬੇਸ਼ੱਕ,
ਮੰਜ਼ਿਲਾਂ ਨੂੰ ਖ਼ੁਦ ਖੜੋਤਾ ਤਰਸਦਾ ਹੈ ਮੀਲ-ਪੱਥਰ।
ਫੜ੍ਹ ਬਥੇਰੀ ਮਾਰਦੇ ਪਰ ਅਮਲ ਤੋਂ ਭੱਜਦੇ ਰਹੇ ਜੋ,
ਹੌਸਲੇ ਹਰਦਮ ਉਨ੍ਹਾਂ ਦੇ ਪਰਖਦਾ ਹੈ ਮੀਲ-ਪੱਥਰ।
ਹੋਰ ਦੀ ਥਾਂ ਹੋਰ ਹੀ ਥਾਂ ਪਹੁੰਚ ਜਾਵੇ ਆਦਮੀ ਨਾ,
ਸੈਨਤਾਂ ਕਰ-ਕਰ ਤਦੇ ਹੀ ਰੋਕਦਾ ਹੈ ਮੀਲ-ਪੱਥਰ।

**ਕਰਮ ਸਿੰਘ ਜ਼ਖ਼ਮੀ**
**ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)**
**ਸੰਪਰਕ: 98146-28027**

## ਇੱਕ ਸੁਨੇਹਾ

ਕੋਈ ਦਿਉਂ ਸੁਨੇਹਾ,
ਬਾਬੇ ਨੂੰ।
ਉਹ ਮਾਲਕ ਮੇਰੇ,
ਡਾਹਡੇ ਨੂੰ।

ਦੁਨੀਆਂ ਦੇ ਦੇਖੇਂ,
ਰੰਗ ਆ ਕੇ।
ਕਿਮੇਂ ਬਦਲ ਲੈਂਦੇ ਨੇ,
ਢੰਗ ਆ ਕੇ।

ਤੂੰ ਜੋ ਵੀ ਕਹਿਕੇ,
ਤੋਰਦਾ ਏਂ।
ਤੇਰੀ ਹਰ ਬੰਦਾ ਪਿਆ,
ਮੋੜਦਾ ਏਂ।

ਕੋਈ ਖੌਫ ਤੇਰਾ ਨਾ,
ਮੰਨਦਾ ਏਂ।
ਹਰ ਬੰਦਾ ਲਾਲਚੀ,
ਧੰਨ ਦਾ ਏਂ।

ਤੈਨੂੰ ਝੁਕਦੇ ਸਾਰੇ,
ਫਰਜ਼ੀ ਨੇਂ।
ਉਂਝ ਕਰਦੇ ਆਪਣੀ,
ਮਰਜ਼ੀ ਨੇਂ।

ਤੇਰੇ ਘਰ ਬਾਰ,
ਬਣਾ ਲੈਂਦੇ।
ਫਿਰ ਕਾਰੋਬਾਰ,
ਚਲਾਂ ਲੈਂਦੇ।

ਚੋਰਾ ਨੂੰ ਸਾਧ ਪਏ,
ਠੱਗਦੇ ਨੇਂ।
ਤੇ ਸਾਧ ਵੀ ਚੋਰ ਪਏ,
ਲੱਗਦੇ ਨੇਂ।

ਹੁਣ ਖੂਨ ਦਾ ਰੰਗ ਵੀ,
ਚਿੱਟਾ ਏਂ।
ਪਿਆਰਾਂ ਦਾ ਰੰਗ ਵੀ,
ਫਿੱਕਾ ਏਂ।

ਤੇਰੇ ਨਾਂ ਦੀ ਮਹਿਮਾ,
ਗਾਉਂਦੇ ਨੇਂ।
ਪਰ ਆਪਣੇ ਬਿਗਲ,
ਵਜਾਉਂਦੇ ਨੇਂ।

ਏਥੇ ਝੂਠ ਦੀ,
ਬੱਲੇ ਬੱਲੇ ਐਂ।
ਸੱਚ ਦੇ ਨਾ ਕੌਡੀ,
ਪੱਲੇ ਐਂ।

ਕਮੀਂ ਝੁਰਦੇ ਪਏ,
ਨਸੀਬਾਂ ਨੂੰ।
ਅਮੀਰ ਲੁਟਦੇ ਪਏ
ਗਰੀਬਾਂ ਨੂੰ।

ਹੁਣ ਰੱਬ ਬਣੇਂ,
ਮਰਜਾਣੇ ਨੇਂ
ਖੁਦ ਬਣਦੇ ਬੜੇ,
ਸਿਆਣੇ ਨੇ।

ਬਾਬਾ ਨਾਨਕ ਗੇੜਾ,
ਮਾਰੀਂ ਤੂੰ।
ਦੁਨੀਆਂ ਦਾ ਬੇੜਾ,
ਤਾਰੀ ਤੂੰ।

ਹੁਣ ਰੱਬ ਬਣੇਂ,
ਮਰਜਾਣੇ ਨੇ।
ਖੁਦ ਬਣਦੇ ਬੜੇ,
ਸਿਆਣੇ ਨੇ।
ਖੁਦ,,,,,,,,,,,,




**ਸ਼ਾਇਰ**
**ਮਾਹੀਂ ਮਰਜਾਣਾ**

## ਕਵਿਤਾ

ਅਸੀਂ ਮੋਹਤਬਰ ਬਣਗੇ ਨਗਰ ਦੇ
ਕਿੱਲਾ ਸਾਹਮਲਾਤ ਦੱਬ ਕੇ

ਗੱਲ ਕਰਕੇ ਸਰਬ ਸਾਂਝੀਵਾਲ ਦੀ
ਧੋਣ ਚ ਕੀਲਾ ਉੱਚੀ ਜਾਤ ਦਾ

ਮੇਰੀ ਪਿੰਡ ਚ ਮੁਲਾਹਜੇਦਾਰੀ ਭਾਰੀ
ਘਰੇ ਕੋਈ ਗੱਲ ਬਾਤ ਨਾ ਪੁੱਛਦਾ

ਅਸੀਂ ਪਾ ਲਿਆ ਮਖੌਟਾ ਧਰਮੀ
ਗਰੀਬਾਂ ਤੇ ਬਦਮਾਸ਼ੀ ਕਰਕੇ

ਯੁੱਧ ਨਸ਼ਿਆਂ ਵਿਰੁੱਧ ਅਸੀਂ ਕਰਨਾ
ਸੁੱਡੇ ਚ ਪਊਆ ਸੌਂਫੀਆ ਦਾ

ਕਾਇਮ ਕਰਲੋ ਨਗਰ ਵਿੱਚ ਏਕਾ
ਬੰਦ ਕਰੋ ਧੜੇਬੰਦੀਆਂ।



**ਡਾ. ਐਡਵੋਕੇਟ ਸਤਨਾਮ ਸਿੰਘ**
**ਪਿੰਡ ਤੇ ਡਾਕ: ਬੇਲਾ**
**ਤਹਿ: ਚਮਕੌਰ ਸਾਹਿਬ,**
**ਜਿਲ੍ਹਾ: ਰੋਪੜ।**



# ਤਰਕਸ਼ੀਲਾਂ ਕਪੜੇ ਕੱਟਣ ਵਾਲੀ ਓਪਰੀ ਸ਼ੈਅ ਦਾ ਸਫਾਇਆ ਕੀਤਾ-ਮਾਸਟਰ ਪਰਮ ਵੇਦ

**ਸੰਗਰੂਰ।** ਮੇਰੇ ਕੋਲ ਫੋਨ ਆਇਆ, "ਤੁਸੀਂ ਤਰਕਸ਼ੀਲ ਸੁਸਾਇਟੀ ਵਾਲੇ ਬੋਲ ਰਹੇ ਹੋ।"

ਮੈਂ ਕਿਹਾ, "ਹਾਂ ਜੀ! ਦੱਸੋ ਕੀ ਗੱਲ ਹੈ ?"
ਉਸਨੇ ਕਿਹਾ, "ਅਸੀਂ ਤੁਹਾਨੂੰ ਮਿਲਣਾ ਚਾਹੁੰਦੇ ਹਾਂ। ਸਾਡੇ ਘਰੇ ਕੱਪੜੇ ਕੱਟੇ ਜਾਂਦੇ ਨੇ ਤੇ ਕਦੇ - ਕਦੇ ਚਿੱਠੀਆਂ ਵੀ ਆਉਂਦੀਆਂ ਨੇ। ਸਿਆਣਿਆਂ ਤੋਂ ਕੋਈ ਇਲਾਜ ਨਹੀਂ ਹੋ ਰਿਹਾ। ਕਿਸੇ ਨੇ ਤੁਹਾਡੀ ਦੱਸ ਪਾਈ ਹੈ। ਮੈਂ ਉਸਤੋਂ ਸਾਰੀ ਗੱਲ ਸੁਣਨ ਤੇ ਉਸਦੇ ਘਰ ਦਾ ਪਤਾ ਲੈਣ ਬਾਅਦ ਉਸਨੂੰ ਅਗਲੇ ਦਿਨ ਆਉਣ ਬਾਰੇ ਦੱਸਿਆ। ਅਗਲੇ ਦਿਨ ਮੈਂ ਤਰਸੇਮ ਕਾਨਗੜ੍ਹ ਤੇ ਗੁਰਦੀਪ ਸਿੰਘ ਸਬੰਧਿਤ ਘਰ ਪਹੁੰਚੇ। ਘਰ ਦੇ ਮੁਖੀ ਤੋਂ ਸਾਰੀ ਵਿਥਿਆ ਸੁਣੀ। ਉਸਨੇ ਦੱਸਿਆ, "ਅਸੀਂ ਬਹੁਤ ਦੁਖੀ ਹਾਂ। ਸਾਡੇ ਵਸਦੇ ਰਸਦੇ ਪਰਿਵਾਰ ਦਾ ਆਹ ਕੀ ਹਾਲ ਹੋ ਗਿਆ। ਅਸੀਂ ਚਾਰ ਭਰਾ ਹਾਂ੍ਰ ਚਾਰਾਂ ਕੋਲ ਤਿੰਨ ਲੜਕੇ ਤੇ ਪੰਜ ਕੁੜੀਆਂ ਨੇ। ਦੋ ਲੜਕੇ ਵਿਆਹੇ ਹੋਏ ਨੇ। ਦੋ ਕੁੜੀਆਂ ਵੀ ਵਿਆਹੀਆਂ ਜਾ ਚੁੱਕੀਆਂ ਨੇ। ਵਧੀਆ ਜ਼ਮੀਨ ਹੈ, ਵਧੀਆ ਮਕਾਨ ਹੈ। ਪਤਾ ਨਹੀਂ ਕੀ ਭਾਣਾ ਵਰਤ ਗਿਆ। ਪਤਾ ਨਹੀਂ ਸਾਡੇ ਘਰ ਉੱਤੇ ਕਿਸੇ ਨੇ ਕੀ ਕਰਾ 'ਤਾ। ਅਸੀਂ ਲੱਖਾਂ ਰੁਪਏ ਸਿਆਣਿਆਂ ਕੋਲ ਲੁਟਾ ਚੁੱਕੇ ਹਾਂ। ਪਰ ਕਿਸੇ ਤੋਂ ਕੋਈ ਇਲਾਜ ਨਹੀਂ ਹੋਇਆ। ਕੋਈ ਢਾਲੇ ਦੇ ਨਾਂ ' ਤੇ 20 ਹਜ਼ਾਰ, ਕੋਈ ਕੜਾਹੀ ਦੇ ਨਾਂ ' ਤੇ 30 ਹਜ਼ਾਰ, ਕਿਸੇ ਨੇ ਸੁੱਖਣਾ ਦੇ ਨਾਂ 'ਤੇ 10 ਹਜ਼ਾਰ ਰੁਪਏ ਲੈ ਲਏ। ਪਰ ਪਰਨਾਲਾ ਉੱਥੇ ਦਾ ਉੱਥੇ ਹੈ। ਆਪਣੇ ਆਪ ਕੱਪੜੇ ਕੱਟੇ ਜਾਂਦੇ ਨੇ। ਊਟ ਪਟਾਂਗ ਲਿਖੀਆਂ ਚਿੱਠੀਆਂ ਆਉਂਦੀਆਂ ਹਨ।"
ਅਸੀਂ ਉਨ੍ਹਾਂ ਨੂੰ ਅੱਗੇ ਤੋਂ ਘਟਨਾ ਨਾ ਹੋਣ ਬਾਰੇ ਤੇ ਸਾਡੀਆਂ ਸਾਰੀਆਂ ਗੱਲਾਂ ਮੰਨਣ ਲਈ ਕਿਹਾ। ਉਨ੍ਹਾਂ ਵੱਲੋਂ ਹਾਂ ਵਿੱਚ ਹਾਂ ਮਿਲਾਉਣ ਮਗਰੋਂ ਅਸੀਂ ਮਨੋ ਵਿਗਿਆਨਕ ਤੇ ਵਿਗਿਆਨਕ ਨਜ਼ਰੀਏ ਨਾਲ ਘਟਨਾਵਾਂ ਦੀ ਪੜਤਾਲ ਕਰਨੀ ਸ਼ੁਰੂ ਕੀਤੀ। ਅਸੀਂ ਤਿੰਨੋ ਤਰਕਸ਼ੀਲ ਮੈਂਬਰ ਇੱਕ ਕਮਰੇ ਵਿੱਚ ਬੈਠ ਗਏ ਤੇ ਪਰਿਵਾਰ ਦੇ ਇਕੱਲੇ - ਇਕੱਲੇ ਮੈਂਬਰ ਨੂੰ ਬੁਲਾ ਕੇ ਘਟਨਾਵਾਂ ਹੋਣ ' ਤੇ ਕਿਸੇ ਦੂਸਰੇ ਮੈਂਬਰ ਨਾਲ ਕੋਈ ਪੁੱਛੀ ਗੱਲ ਨਾ ਦੱਸਣ ਬਾਰੇ ਕਿਹਾ। ਅਸੀਂ ਪਰਿਵਾਰਕ ਮੈਂਬਰਾਂ ਨੂੰ ਕਹਿੰਦੇ ਕਿ ਸੱਚੀ ਗੱਲ ਦੱਸਣੀ ਹੈ। ਫਿਰ ਹੀ ਅਸੀਂ ਤੁਹਾਨੂੰ ਮੁਸੀਬਤ ਤੋਂ ਮੁਕਤ ਕਰ ਸਕਦੇ ਹਾਂ। ਸਾਡੇ ਰਾਹੀਂ ਤੁਹਾਡੀ ਦੱਸੀ ਗੱਲ, ਕਦੇ ਵੀ ਕਿਸੇ ਨੂੰ ਨਹੀਂ ਦੱਸੀ ਜਾਵੇਗੀ। ਸਾਡੀ ਪੜਤਾਲ ਸ਼ੁਰੂ ਹੋਈ। ਅਸੀਂ ਗੁਰਦੀਪ ਸਿੰਘ ਦੀ ਕੁਰਸੀ ਕਮਰੇ ਦੇ ਗੇਟ ਕੋਲ ਲਾ ਦਿੱਤੀ ਤਾਂ ਕਿ ਸਾਡੇ ਰਾਹੀਂ ਪਰਿਵਾਰਕ ਮੈਂਬਰਾਂ ਤੋਂ ਪੁੱਛੀ ਜਾਂਦੀ ਜਾਂ ਉਸ ਦੁਆਰਾ ਦੱਸੀ ਗੱਲ ਦੂਸਰੇ ਪਰਿਵਾਰਕ ਮੈਂਬਰਾਂ ਨੂੰ ਪਤਾ ਨਾ ਲੱਗੇ, ਤਾਂ ਕਿ ਦੱਸਣ ਵਾਲਾ ਮੈਂਬਰ ਖੁੱਲ੍ਹ ਕੇ ਗੱਲ ਕਰ ਸਕੇ। ਸਾਡੀ ਕੀਤੀ ਪੜਤਾਲ 'ਚੋਂ ਇਹ ਗੱਲ ਨਿਕਲ ਕੇ ਆਈ ਕਿ ਛੋਟੇ ਲੜਕੇ ਦੇ ਵਿਆਹ ਤੋਂ ਪਹਿਲਾਂ ਹੀ ਘਟਨਾ ਹੁੰਦੀਆਂ ਸਨ। ਇਸ ਲਈ ਛੋਟੀ ਵਹੁਟੀ ਸਾਡੇ ਸ਼ੱਕ ਤੋਂ ਬਾਹਰ ਹੋ ਗਈ। ਇੱਕ ਕੁੜੀ ਕਾਲਜ ਵਿੱਚ ਪੜ੍ਹਦੀ ਸੀ, ਉਸ ਤੋਂ ਬਾਅਦ ਵੀ ਘਟਨਾਵਾਂ ਹੁੰਦੀਆਂ ਸਨ। ਇੱਕ ਵਾਰੀ ਉਹ ਆਪਣੇ ਨਾਨਕੇ ਚਲੀ ਗਈ। ਉਸ ਤੋਂ ਬਾਅਦ ਵੀ ਘਟਨਾਵਾਂ ਹੋਈਆਂ। ਇਸ ਲਈ ਉਹ ਵੀ ਸ਼ਕ ਤੋਂ ਬਾਹਰ ਹੋ ਗਈ। ਇੱਕ ਕੁੜੀ ਛੋਟੀ ਸੀ, ਮਸਾਂ ਪੰਜ ਕੁ ਸਾਲ ਦੀ, ਉਹ ਵੀ ਸਾਡੇ ਸ਼ੱਕ ਤੋਂ ਬਾਹਰ ਹੋ ਗਈ। ਇੱਕ ਲੜਕਾ ਬਾਹਰ ਪੜ੍ਹਦਾ ਸੀ। ਇਕ ਲੜਕਾ, ਇੱਕ ਲੜਕੀ ਤੇ ਇੱਕ ਬਹੂ ਸਾਡੇ ਸ਼ੱਕ ਦੇ ਘੇਰੇ ਵਿੱਚ ਰਹਿ ਗਏ। ਬਾਕੀ ਸਾਰਿਆਂ ਦੀ ਗੈਰਹਾਜ਼ਰੀ ਸਿੱਧ ਹੋ ਚੁੱਕੀ ਸੀ।
ਸਾਡੀ ਅੱਗੇ ਹੋਰ ਪੜਤਾਲ ਤੋਂ ਬਾਅਦ ਵੱਡੀ ਵਹੁਟੀ ਵੀ ਸ਼ੱਕ 'ਚੋਂ ਨਿਕਲ ਗਈ। ਹੁਣ ਸ਼ੱਕ ਦੇ ਘੇਰੇ ਵਿੱਚ ਬਚੇ ਲੜਕਾ ਤੇ ਲੜਕੀ ਦੀ ਸ਼ਨਾਖ਼ਤ ਬਾਕੀ ਸੀ। ਅਸੀਂ ਚਿੱਠੀਆਂ ਕਬਜ਼ੇ ਵਿੱਚ ਕੀਤੀਆਂ ਹੋਈਆਂ ਸੀ। ਚਿੱਠੀਆਂ ਵਿਚ ਮੋਟਰ ਸਾਈਕਲ ਦੀ ਮੰਗ ਅਤੇ ਵਹੁਟੀਆਂ ਤੇ ਕਮੈਂਟਸ ਸਨ। ਲਿਖਾਈ ਤੋਂ ਲੜਕੇ ਦੀ ਸ਼ਨਾਖਤ ਹੋ ਗਈ।
ਅਸੀਂ ਉਸਨੂੰ ਇਕੱਲੇ ਨੂੰ ਜਦ ਬੁਲਾਇਆ ਤਾਂ ਉਹ ਘਬਰਾਈ ਹੋਈ ਹਾਲਤ ਵਿਚ ਸਾਡੇ ਕੋਲ ਨੀਵੀਂ ਪਾ ਕੇ ਬੈਠ ਗਿਆ। ਅਸੀਂ ਉਸਨੂੰ ਕਿਹਾ, ਜੇ ਤੂੰ ਸੱਚੀ - ਸੱਚੀ ਗੱਲ ਦੱਸੇਂਗਾ ਤਾਂ ਸਾਡੀ ਹਮਦਰਦੀ ਤੇਰੇ ਨਾਲ ਹੋਵੇਗੀ। ਸਾਰੀਆਂ ਘਟਨਾਵਾਂ ਕਰਨ ਵਾਲੇ ਵਿਅਕਤੀ ਤੇ ਚਿੱਠੀਆਂ ਲਿਖਣ ਵਾਲੇ ਦਾ ਪਤਾ ਲੱਗ ਗਿਆ ਹੈ। ਸਾਨੂੰ ਪਤੈ ਭੂਤ - ਪ੍ਰੇਤ, ਜਿੰਨ- ਚੁੜੇਲ, ਓਪਰੀ ਸ਼ੈਅ ਨਾ ਦੀ ਕੋਈ ਚੀਜ਼ ਨਹੀਂ ਹੁੰਦੀ। ਇਨ੍ਹਾਂ ਦੇ ਨਾਂ 'ਤੇ ਡਰਾਇਆ ਜਾਂਦਾ ਹੈ। ਸੋ, ਤੂੰ ਦੱਸ ਇਹ ਘਟਨਾਵਾਂ ਕਿਉਂ ਕਰਦਾਂ ਹੈ ?
" ਪਹਿਲਾਂ ਤਾਂ ਉਹ ਮੰਨਿਆਂ ਨਹੀਂ ਪਰ ਜਦੋਂ ਅਸੀਂ ਉਸਨੂੰ ਘਟਨਾਵਾਂ ਦੇ ਸਬੂਤ ਦਿੱਤੇ ਤੇ ਕਿਹਾ ਕਿ ਕੋਈ ਵੀ ਵਿਅਕਤੀ ਤਰਕਸ਼ੀਲਾਂ ਦੀ ਪਰਖ ਤੋਂ ਬਚ ਨਹੀਂ ਸਕਦਾ। ਸਾਡੀ ਕਿਹੜਾ ਤੇਰੇ ਨਾਲ ਦੁਸ਼ਮਣੀ ਤੇ ਦੂਜਿਆਂ ਨਾਲ ਮਿੱਤਰਤਾ ਹੈ। 'ਸਿਆਣੇ' ਤੁਹਾਨੂੰ ਲੁੱਟੀ ਜਾ ਰਹੇ ਹਨ , ਵਹਿਮਾਂ ਵਿੱਚ ਪਾਈ ਜਾ ਰਹੇ ਹਨ।
ਉਸਨੇ ਕਿਹਾ, "ਮੈਨੂੰ ਬੜਾ ਆਨੰਦ ਆਉਂਦੇ। ਜਦ ਸਿਆਣੇ ਇਨ੍ਹਾਂ ਨੂੰ ਲੁੱਟਦੇ ਨੇ।" ਸਾਡੀ ਮੰਗ ਪੂਰੀ ਕਰਨ ਵੇਲੇ ਤਾਂ ਇਨ੍ਹਾਂ ਕੋਲ ਪੈਸੇ ਨਹੀਂ ਹੁੰਦੇ ਤੇ ਸਿਆਣਿਆਂ ਨੂੰ ਦੇਣ ਲਈ ਤੇ ਜ਼ਮੀਨਾਂ ਖਰੀਦਣ ਲਈ ਕਿੱਥੋਂ ਆ ਜਾਂਦੇ ਨੇ।
ਸਾਨੂੰ ਇਸ ਤੋਂ ਸਾਰੀ ਗੱਲ ਸਮਝ ਆ ਗਈ। ਮੈਂ ਕਿਹਾ "ਚਲੋ ਤੇਰੀ ਗੱਲ ਸਾਡੇ ਕੋਲ ਆ ਗਈ। ਹੁਣ ਤੂੰ ਘਟਨਾਵਾਂ ਦੀ ਗੱਲ ਮੰਨ ਤੇ ਅੱਗੇ ਤੋਂ ਅਜਿਹਾ ਨਾ ਕਰਨ ਦਾ ਵਿਸ਼ਵਾਸ ਦੇ।"
ਉਸਨੇ ਕਿਹਾ, "ਅੱਗੇ ਤੋਂ ਤਾਂ ਮੈਂ ਨਹੀਂ ਕਰਦਾ ਪਰ ਇੱਕ ਤਾਂ ਮੇਰੀ ਭੈਣ ਦੇ ਵਿਆਹ ਲਈ ਕਹੋ ਤੇ ਦੂਜਾ ਮੋਟਰ ਸਾਈਕਲ ਲਈ।ਮੋਟਰਸਾਈਕਲ ਮੇਰੇ ਤੋਂ ਬਿਨਾਂ ਸਾਰਿਆਂ ਕੋਲ ਹੈ। ਮੈਂ ਕਾਲਜ ਪੜ੍ਹਨ ਜਾਨਾਂ, ਮੈਨੂੰ ਲੈ ਕੇ ਨਹੀਂ ਦਿੰਦੇ। " ਉਸਨੇ ਘਟਨਾਵਾਂ ਕਰਨ ਬਾਰੇ ਉਸਦਾ ਨਾਮ ਨਾ ਲੈਣ ਲਈ ਤਰਲੇ ਕੀਤੇ।
ਅਸੀਂ ਕਿਹਾ, "ਤੇਰੀਆਂ ਮੰਗਾਂ ਪੂਰੀਆਂ ਹੋ ਜਾਣਗੀਆਂ। ਬਥੇਰੀ ਜ਼ਮੀਨ ਜਾਇਦਾਦ ਹੈ। ਕਿਸੇ ਵੀ ਸਮੇਂ ਕਿਸੇ ਵੀ ਨਾਲ ਤੇਰਾ ਨਾਮ ਨਹੀਂ ਲਿਆ ਜਾਵੇਗਾ, ਇਸ ਬਾਰੇ ਚਿੰਤਾ ਨਹੀਂ ਕਰਨੀ।" ਫਿਰ ਅਸੀਂ ਘਰ ਦੇ ਮੁਖੀ ਨੂੰ ਬੁਲਾ ਕੇ ਘਰ ਦੀਆਂ ਜ਼ਰੂਰਤਾਂ ਬਾਰੇ ਵਿਸਥਾਰ ਵਿੱਚ ਸਮਝਾਇਆ। ਜਦ ਜ਼ਰੂਰਤਾਂ ਪੂਰੀਆਂ ਹੋ ਜਾਣਗੀਆਂ ਤਾਂ ਘਟਨਾ ਕਰਨ ਵਾਲੇ ਭੂਤ - ਪ੍ਰੇਤ ਵੀ ਭੱਜ ਜਾਣਗੇ।ਮੁਖੀ ਕਾਫੀ ਸਮਝਦਾਰ ਸੀ।
ਉਸਨੇ ਸਾਡੇ ਨਾਲ ਸਹਿਮਤੀ ਪ੍ਰਗਟਾਈ। ਫਿਰ ਅਸੀਂ ਸਾਰੇ ਮੈਂਬਰਾਂ ਨੂੰ ਇਕੱਠੇ ਕੀਤਾ ਤੇ ਸਮਝਾਇਆ, "ਭੂਤ - ਪ੍ਰੇਤ ਉਨ੍ਹਾਂ ਘਰਾਂ ਵਿੱਚ ਆਉਂਦੇ ਨੇ, ਜਿੱਥੇ ਪਰਿਵਾਰਕ ਮੈਂਬਰਾਂ ਨਾਲ ਪੱਖਪਾਤ ਕੀਤਾ ਜਾਂਦਾ ਹੈ,ਕਿਸੇ ਦੀ ਹੋਂਦ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਜਦ ਪਰਿਵਾਰਕ ਮੈਂਬਰਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਨੇ ਤਾਂ ਉੱਥੇ ਜਿੰਨਵ ਪ੍ਰੇਤ ਨਹੀਂ ਆਉਂਦੇ। ਜਦ ਮੁੰਡਾ ਜਾਂ ਕੁੜੀ ਵਿਆਹੁਣ ਯੋਗ ਹੋਵੇ ਤਾਂ ਸਾਨੂੰ ਫ਼ਿਕਰਮੰਦ ਹੋਣਾ ਚਾਹੀਦਾ ਹੈ ਤੇ ਸਮੇਂ ਸਿਰ ਉਸਦਾ ਵਿਆਹ ਕਰ ਦੇਣਾ ਚਾਹੀਦੈ। ਹੋਰ ਜ਼ਮੀਨ ਖ਼ਰੀਦਣ ਤੋਂ ਪਹਿਲਾਂ ਪਰਿਵਾਰਕ ਮੈਂਬਰਾਂ ਦੀਆਂ ਮੰਗਾਂ ਵੱਲ ਵੀ ਧਿਆਨ ਦੇਣਾ ਚਾਹੀਦੈ। ਇਹ ਨਾ ਸਮਝ ਆਉਣ ਵਾਲੀਆਂ ਘਟਨਾਵਾਂ ਦੀ ਸ਼ੁਰੂਆਤ ਵੀ ਉਦੋਂ ਹੀ ਹੁੰਦੀ ਹੈ ਜਦ ਕਿਸੇ ਦੀਆਂ ਜ਼ਰੂਰਤਾਂ ਅਣਗੌਲੀਆਂ ਕੀਤੀਆਂ ਜਾਂਦੀਆਂ ਨੇ। ਜੋ ਲੋੜਾਂ ਨੇ, ਉਹ ਪੂਰੀਆਂ ਕਰਨ ਵੱਲ ਧਿਆਨ ਦੇਵੋ। ਸਭ ਠੀਕ ਹੋ ਜਾਵੇਗਾ। ਕਿਸੇ ਅਖੌਤੀ ਸਿਆਣੇ ਕੋਲ ਇਨ੍ਹਾਂ ਦਾ ਕੋਈ ਇਲਾਜ ਨਹੀਂ। ਇਹ ਓਪਰੀ ਸ਼ੈਆਂ ਅਸਲ ਵਿੱਚ ਅਧੂਰੀਆਂ ਖੁਹਾਇਸ਼ਾਂ, ਮੰਗਾਂ, ਲੋੜਾਂ ਵਿੱਚੋਂ ਉਪਜਦੀਆਂ ਨੇ । ਸਾਡੀਆਂ ਘਰ ਦੇ ਮੁਖੀ ਨਾਲ ਗੱਲਾਂ ਹੋ ਗਈਆਂ ਨੇ। ਅੱਗੇ ਤੋਂ ਕੋਈ ਅਜਿਹੀ ਰਹੱਸਮਈ ਘਟਨਾ ਨਹੀਂ ਵਾਪਰੇਗੀ। ਅਗਿਆਤ ਚਿੱਠੀਆਂ ਨਹੀਂ ਆਉਣਗੀਆਂ, ਨਾ ਹੀ ਕਪੜੇ ਕੱਟੇ ਜਾਣਗੇ ਤੇ ਨਾ ਹੀ ਚੀਜਾਂ ਗੁੰਮ ਹੋਣਗੀਆਂ। ਬੇਫਿਕਰ ਰਹੋ, ਡਰੋ ਨਾ। ਆਪਸੀ ਪ੍ਰੇਮ ਪਿਆਰ ਬਣਾ ਕੇ ਰੱਖੋ।ਤੁਹਾਡੇ ਵਲੋਂ ਸਮਝੀ ਜਾਂਦੀ ਓਪਰੀ ਸ਼ੈਅ ਦਾ ਸਫਾਇਆ ਕਰ ਦਿੱਤਾ ਹੈ।ਅਸੀਂ ਘਟਨਾ ਕਰਨ ਵਾਲੇ ਲੜਕੇ ਵੱਲ ਵੀ ਦੇਖ ਰਹੇ ਸੀ, ਉਸਦਾ ਮੁਰਝਾਇਆ ਚਿਹਰਾ ਖਿੜਦਾ ਜਾ ਰਿਹਾ ਸੀ।



**ਮਾਸਟਰ ਪਰਮ ਵੇਦ**
**ਜ਼ੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**
**ਅਫਸਰ ਕਲੋਨੀ ਸੰਗਰੂਰ**

# ਪੀਸ ਰਿਸਰਚ ਸੈਂਟਰ ਦੀ ਸਥਾਪਨਾ ਲਈ ਲੋੜੀਂਦੀ ਜ਼ਮੀਨ ਪ੍ਰਾਪਤੀ ਸੰਬੰਧੀ ਚਾਰਾਜੋਈ ਸ਼ੁਰੂ : ਸੁਲਤਾਨੀ

**ਫਿਲੌਰ/ਅੱਪਰਾ (ਦੀਪਾ)-** ਜ਼ਿਲ੍ਹਾ ਸਕੱਤਰੇਤ ਵਿਖੇ ਮੈਸੇਂਜਰ ਆਫ਼ ਪੀਸ ਮਿਸ਼ਨ ਦੇ ਵਫ਼ਦ ਵੱਲੋਂ ਏਡੀਸੀ ਜਲੰਧਰ ਸ਼੍ਰੀ ਵਿਵੇਕ ਮੋਦੀ ਨਾਲ ਅਧਿਕਾਰਕ ਮੁਲਾਕਾਤ ਕੀਤੀ। ਇਸ ਮੌਕੇ ਮੈਸੇਂਜਰ ਆਫ਼ ਪੀਸ ਦੇ ਪ੍ਰਧਾਨ ਸਟੇਟ ਐਵਾਰਡੀ ਪੀਸ ਐਬੰਸਡਰ ਸਲੀਮ ਸੁਲਤਾਨੀ ਨੇ ਕਿਹਾ ਕਿ ਏਡੀਸੀ ਵਿਵੇਕ ਮੋਦੀ ਨਾਲ ਅੱਜ ਦੀ ਮੁਲਾਕਾਤ ਦਾ ਏਜੰਡਾ ਮੈਸੇਂਜਰ ਆਫ਼ ਪੀਸ ਮਿਸ਼ਨ ਲਈ ਸ਼ਾਂਤੀ ਖੋਜ ਕੇਂਦਰ ਬਣਾਉਣ ਲਈ ਸਰਕਾਰ ਤੋਂ ਲੋੜੀਂਦੀ ਜ਼ਮੀਨ ਪ੍ਰਾਪਤ ਕਰਨਾ ਸੀ, ਜਿਸ ਦੇ ਸਬੰਧ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਨੇ ਅੱਜ ਤੋਂ ਚਾਰਾਜੋਈ ਸ਼ੁਰੂ ਕਰ ਅਗਲੀ ਕਾਰਵਾਈ ਅਮਲ ਚ ਲਿਆ ਦਿੱਤੀ ਹੈ । ਇਸ ਦੇ ਨਾਲ ਹੀ ਸੁਲਤਾਨੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨਾਲ ਇੱਕ ਵਿਸ਼ੇਸ਼ ਸ਼ਾਂਤੀ ਸੰਵਾਦ ਪ੍ਰੋਗਰਾਮ 'ਸ਼ਾਂਤੀ, ਸਿੱਖਿਆ, ਜਾਗਰੂਕਤਾ, ਸਹਿਯੋਗ ਅਤੇ ਸਮਾਨਤਾ' ਸ਼ੁਰੂ ਕਰਨ ਲਈ ਪ੍ਰਸਤਾਵ ਭੇਜਿਆ ਸੀ ਜਿਸ 'ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਅੱਜ ਸਬੰਧਤ ਵਿਭਾਗ ਨਾਲ ਪੱਤਰ ਵਿਹਾਰ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਸਬੰਧ ਵਿੱਚ, ਮਿਸ਼ਨ ਨੇ ਜੇਲ੍ਹ ਵਿੱਚ ਬੰਦ



ਕੈਦੀਆਂ, ਖਾਸ ਕਰਕੇ ਨਸ਼ਿਆਂ ਦੀ ਲਪੇਟ ਵਿੱਚ ਫਸੇ ਨੌਜਵਾਨਾਂ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਕਰਨ ਲਈ ਇੱਕ ਵਿਸ਼ੇਸ਼ ਸ਼ਾਂਤੀ ਸੰਵਾਦ ਪ੍ਰੋਗਰਾਮ 'ਸ਼ਾਂਤੀ, ਸਸ਼ਕਤੀਕਰਨ, ਜਾਗਰੂਕਤਾ, ਬਦਲਾਅ ਅਤੇ ਊਰਜਾਵਾਨ' ਆਯੋਜਿਤ ਕਰਨ ਦਾ ਪ੍ਰਸਤਾਵ ਰੱਖਿਆ ਸੀ, ਜਿਸ 'ਤੇ ਪ੍ਰਸ਼ਾਸਨ ਨੇ ਸਬੰਧਤ ਵਿਭਾਗ ਨੂੰ ਇੱਕ ਪੱਤਰ ਭੇਜਣ ਵੱਲ ਵੀ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਹਨ ਤਾਂ ਜੋ ਜਿੱਥੇ ਅਸੀਂ ਨੌਜਵਾਨ ਵਿਦਿਆਰਥੀਆਂ ਜੋ ਸਾਡੇ ਦੇਸ਼ ਦਾ ਭਵਿੱਖ ਹੈ ਨੂੰ ਪਰਿਵਾਰ, ਸਮਾਜ ਅਤੇ ਦੇਸ਼ ਪ੍ਰਤੀ ਜਾਗਰੂਕ, ਜ਼ਿੰਮੇਵਾਰ ਅਤੇ ਜਗਿਆਸਾ ਸੋਚ ਵਾਲੇ ਬਣਾਈਏ, ਉੱਥੇ ਹੀ ਸਮਾਜ ਤੋਂ ਭਟਕ ਗਏ ਅਤੇ ਗੁੰਮਰਾਹ ਹੋਏ ਲੋਕਾਂ ਨੂੰ ਮੁੱਖ ਧਾਰਾ ਵਿੱਚ ਲਿਆਈਏ । ਇਸ ਦੇ ਨਾਲ ਹੀ ਸੁਲਤਾਨੀ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸੂਬਾ ਪੱਧਰ 'ਤੇ ਅੰਤਰਰਾਸ਼ਟਰੀ ਸ਼ਾਂਤੀ ਦਿਵਸ ਮਨਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਤੋ ਜੋ ਮੰਗ ਰੱਖੀ ਗਈ ਸੀ ਜਿਸ ਤੇ ਜਿਲਾ ਪ੍ਰਸ਼ਾਸਨ ਵੱਲੋਂ ਪੰਜਾਬ ਸਰਕਾਰ ਨੂੰ ਸਿਫ਼ਾਰਿਸ਼ ਕਰਨ ਸੰਬੰਧੀ ਹਾਂ ਪੱਖੀ ਭਰੋਸਾ ਪ੍ਰਾਪਤ ਹੋਇਆ ਹੈ, ਜਿਸ ਲਈ ਉਨ੍ਹਾਂ ਨੇ ਪੰਜਾਬ ਸਰਕਾਰ, ਮਾਨਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਇਸ ਮੌਕੇ ਮਿਸ਼ਨ ਦੇ ਪ੍ਰੈਸ ਸਕੱਤਰ ਪ੍ਰਦੀਪ ਰਾਜਾ, ਹਰਜਿੰਦਰ ਕੁਮਾਰ ਕੋਆਰਡੀਨੇਟਰ, ਗਾਇਕ ਹੈਪੀ ਗੁਰਾਇਆ ਯੁਵਾ ਆਗੂ ਮੌਜੂਦ ਸਨ!

# ਐਡਵੋਕੇਟ ਸੁਰਿੰਦਰ ਜੀ ਦੀ ਦਾਦੀ ਜੀ ਦੀ ਅੰਤਿਮ ਅਰਦਾਸ ਹੋਈ





**ਹੁਸ਼ਿਆਰਪੁਰ( ਚਰਨਜੀਤ ਸੱਲ੍ਹਾਂ )** ਐਡਵੋਕੇਟ ਸੁਰਿੰਦਰ ਜੀ ਦੇ ਦਾਦੀ ਜੀ ਦੀ ਅੰਤਿਮ ਅਰਦਾਸ ਮੌਕੇ ਬਹੁਜਨ ਸਮਾਜ ਪਾਰਟੀ ਵਲੋਂ ਐਡਵੋਕੇਟ ਧਰਮਿੰਦਰ ਦਾਦਰਾ, ਸ਼੍ਰੀ ਯਸ਼ ਭੱਟੀ ਪ੍ਰਧਾਨ ਚੱਬੇਵਾਲ ਨੇ ਹਾਜਰੀ ਲਗਾਈਹ ਕੇ ਮਾਤਾ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਤੋਂ ਇਲਾਵਾ ਬਾਰ ਐਸੋਸੀਏਸ਼ਨ ਪ੍ਰਧਾਨ ਨਾਲ ਵਕੀਲਾਂ ਦੀ ਟੀਮ, ਜੈ ਪ੍ਰਕਾਸ਼ ਜਨਰਲ ਸਕੱਤਰ ਚੱਬੇਵਾਲ, ਲੱਕੀ ਅਸਲਾਮਾਬਾਦ ਆਦਿ ਹਾਜ਼ਰ ਸਨ। ਇਸ ਮੌਕੇ ਤੇ ਵਰਕਰ ਅਤੇ ਸਾਕ ਸਬੰਧੀਆਂ ਨੇ ਹਾਜ਼ਰੀ ਲਗਵਾਈ। ਐਡ ਸੁਰਿੰਦਰ ਜੀ ਨੇ ਆਏ ਹੋਏ ਆਗੂਆਂ ਅਤੇ ਸਕੇਂ ਸਬੰਧੀਆਂ ਦਾ ਧੰਨਵਾਦ ਕੀਤਾ ਜੀ ।

# ਸਾਂਗਲਾ ਹਿੱਲ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਗੜ੍ਹਦੀਵਾਲਾ ਦਾ ਨਤੀਜਾ ਐਲਾਨਿਆ ਗਿਆ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮਹੰਤ ਰਮਿੰਦਰ ਦਾਸ ਬਹਾਦਰ ਪੁਰ ਵਾਲੇ ਦੀ ਅਗਵਾਈ ਹੇਠ ਸਾਂਗਲੀ ਹਿੱਲ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ ਦੇ ਨਤੀਜੇ ਸ਼ਾਨਦਾਰ ਰਹੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ (ਪੀਐਸਈਬੀ) ਵੱਲੋਂ ਐਲਾਨੇ ਗਏ ਬਾਰ੍ਹਵੀਂ ਜਮਾਤ ਦੇ ਨਤੀਜਿਆਂ ਵਿੱਚ ਸਾਂਗਲਾ ਹਿੱਲ ਗੁਰੂ ਨਾਨਕ ਸੀਨੀਅਰ ਸੈਕੰਡਰੀ ਸਕੂਲ, ਗੜ੍ਹਦੀਵਾਲਾ ਦੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕੀਤੇ ਹਨ। ਸਕੂਲ ਪ੍ਰਬੰਧਨ ਨੇ ਕਿਹਾ ਕਿ ਸਕੂਲ ਦੇ ਕਾਮਰਸ ਅਤੇ ਆਰਟਸ ਦੋਵਾਂ ਸਟ੍ਰੀਮਾਂ ਦੇ ਨਤੀਜੇ 100 ਪ੍ਰਤੀਸ਼ਤ ਰਹੇ। ਉਨ੍ਹਾਂ ਕਿਹਾ ਕਿ ਹਰਨੂਰ ਕੌਰ ਨੇ ਕਾਮਰਸ ਗਰੁੱਪ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਸ਼ੀਤਲ ਸ਼ਰਮਾ ਨੇ ਦੂਜਾ ਸਥਾਨ ਅਤੇ ਮੀਨਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਕਲਾ ਵਰਗ ਵਿੱਚ ਸਿਮਰਨਜੀਤ ਕੌਰ ਨੇ ਪਹਿਲਾ ਸਥਾਨ, ਜਸ਼ਨਦੀਪ ਸਿੰਘ ਨੇ ਦੂਜਾ ਸਥਾਨ ਅਤੇ ਪੂਜਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਸਾਂਗਲਾ ਹਿੱਲ ਸਕੂਲ ਗੱਦੀਵਾਲਾ ਦੇ ਮੋਹਰੀ ਸਕੂਲਾਂ ਵਿੱਚੋਂ ਇੱਕ ਰਿਹਾ ਹੈ ਅਤੇ ਸਿੱਖਿਆ ਦੇ ਖੇਤਰ ਵਿੱਚ ਉੱਚ ਮਿਆਰ ਪ੍ਰਾਪਤ ਕਰ ਰਿਹਾ ਹੈ। ਇਸ ਮੌਕੇ ਪ੍ਰਿੰਸੀਪਲ ਸ਼੍ਰੀਮਤੀ ਮੋਨਿਕਾ ਰਾਜਪੂਤ ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਅਤੇ ਸਾਰੇ ਸਟਾਫ਼ ਅਤੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਡਾ. ਕਮਲਜੀਤ ਸਿੰਘ ਟਿੱਬਾ ਸਾਹਿਤਕਾਰਾਂ ਦੇ ਰੂਬਰੂ ਹੋਣਗੇ 25 ਮਈ ਨੂੰ



**ਸੰਗਰੂਰ (ਰਮੇਸ਼ਵਰ ਸਿੰਘ )** ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 25 ਮਈ ਦਿਨ ਐਤਵਾਰ ਨੂੰ ਸਵੇਰ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਹੋ ਰਿਹਾ ਹੈ, ਜਿਸ ਵਿੱਚ ਪੰਜਾਬੀ ਸਾਹਿਤ ਦੇ ਸਿਰਮੌਰ ਹਸਤਾਖ਼ਰ ਡਾ. ਕਮਲਜੀਤ ਸਿੰਘ ਟਿੱਬਾ ਸਾਹਿਤਕਾਰਾਂ ਦੇ ਰੂਬਰੂ ਹੋਣਗੇ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਉਨ੍ਹਾਂ ਨੇ ਪੀ. ਐੱਚ. ਡੀ. ਵੀ ਗੀਤਾਂ 'ਤੇ ਹੀ ਕੀਤੀ ਅਤੇ ਉਨ੍ਹਾਂ ਦੀ ਚਰਚਿਤ ਪੁਸਤਕ ਗੀਤ ਸ਼ਾਸ਼ਤਰ ਵੀ ਪੰਜਾਬੀ ਯੂਨੀਵਰਸਿਟੀ ਨੇ ਹੀ ਪ੍ਰਕਾਸ਼ਿਤ ਕੀਤੀ। ਇਸ ਮੌਕੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਸਮਰਪਿਤ ਕਵੀ ਦਰਬਾਰ ਵੀ ਹੋਵੇਗਾ।

# ਰੇਲਵੇ ਮੰਡੀ ਸਕੂਲ ਦੀ ਵਿਦਿਆਰਥਣ ਪ੍ਰਾਂਸ਼ੂ ਨੇ 482 ਅਤੇ ਹਰਮਨਜੀਤ ਨੇ 479 ਅੰਕ ਪ੍ਰਾਪਤ ਕਰਕੇ ਵੋਕੇਸ਼ਨਲ ਸਟ੍ਰੀਮ 'ਚ ਜ਼ਿਲ੍ਹੇ ਵਿੱਚੋਂ ਪਹਿਲਾ, ਦੂਜਾ ਸਥਾਨ ਪ੍ਰਾਪਤ ਕੀਤਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਾਲ 2024/25 ਦੌਰਾਨ ਲਈਆਂ ਗਈਆਂ ਸਾਲਾਨਾ ਪ੍ਰੀਖਿਆਵਾਂ ਦੇ ਨਤੀਜਿਆਂ ਦੇ ਐਲਾਨ ਤੋਂ ਬਾਅਦ ਰੇਲਵੇ ਮੰਡੀ ਸਕੂਲ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸਕੂਲ ਦੀ ਵਿਦਿਆਰਥਣ ਪ੍ਰਾਂਸ਼ੂ ਪੁਤਰੀ ਸ਼੍ਰੀ ਸੁਰੇਸ਼ ਕੁਮਾਰ ਨੇ ਕ੍ਰਮਵਾਰ 482/500 (ਮਾਡਰਨ ਆਫਿਸ ਪ੍ਰੈਕਟਿਸ ਗਰੁੱਪ) ਅਤੇ ਹਰਮਨਜੀਤ ਪੁਤਰੀ ਸ਼੍ਰੀ ਸੁਰਿੰਦਰ ਕੁਮਾਰ ਨੇ 479/500 (ਆਯਾਤ ਅਤੇ ਨਿਰਯਾਤ ਪ੍ਰਬੰਧਨ ਗਰੁੱਪ) ਅੰਕ ਪ੍ਰਾਪਤ ਕੀਤੇ ਹਨ। ਇਸ ਤੋਂ ਇਲਾਵਾ, ਸਕੂਲ ਦੀ ਵਿਦਿਆਰਥਣ ਨੇਹਾ ਕੁਮਾਰੀ ਪੁੱਤਰੀ ਸ਼੍ਰੀ ਸ਼ਸ਼ੀ ਚੰਦਰ ਪ੍ਰਸਾਦ ਨੇ ਵੀ 482/500 ਅੰਕ ਪ੍ਰਾਪਤ ਕੀਤੇ ਹਨ ਅਤੇ ਸਕੂਲ ਦੀ ਵਿਦਿਆਰਥਣ ਮਾਨਸੀ ਪੁੱਤਰੀ ਸ਼੍ਰੀ ਸੁਰਿੰਦਰ ਪਾਲ ਨੇ 477/500 ਅੰਕ ਪ੍ਰਾਪਤ ਕਰਕੇ ਆਪਣੇ ਅਧਿਆਪਕਾਂ ਦੇ ਨਾਲ-ਨਾਲ ਮਾਪਿਆਂ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਅੱਜ 19 ਮਈ 2025 ਨੂੰ, ਉਪਰੋਕਤ ਵਿਦਿਆਰਥੀਆਂ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਦੇ ਪ੍ਰਿੰਸੀਪਲ ਸ਼੍ਰੀ ਰਾਜਨ ਅਰੋੜਾ ਦੀ ਯੋਗ ਅਗਵਾਈ ਹੇਠ ਸਨਮਾਨਿਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਸ਼੍ਰੀ ਰਾਜਨ ਅਰੋੜਾ ਜੀ ਨੇ ਸਵੇਰ ਦੀ ਸਭਾ ਵਿੱਚ ਕਰਵਾਏ ਗਏ ਉਦਘਾਟਨ ਸਮਾਰੋਹ ਵਿੱਚ ਚੰਗੇ ਨਤੀਜੇ ਲਈ ਸਕੂਲ ਸਟਾਫ, ਬੱਚਿਆਂ ਦੇ ਮਾਪਿਆਂ ਅਤੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਸਾਰੇ ਬੱਚਿਆਂ ਨੂੰ ਆਉਣ ਵਾਲੇ ਸਾਲਾਂ ਵਿੱਚ ਚੰਗੇ ਨਤੀਜੇ ਲਿਆਉਣ ਲਈ ਵੱਧ ਤੋਂ ਵੱਧ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸਮਾਰੋਹ ਦੇ ਅੰਤ ਵਿੱਚ ਉਪਰੋਕਤ ਟਾਪਰ ਬੱਚਿਆਂ ਨੂੰ ਮੋਮੈਂਟੋ ਅਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸ਼ਾਨਦਾਰ ਪ੍ਰਾਪਤੀ ਦੇ ਮੌਕੇ 'ਤੇ, ਪ੍ਰਾਣਸ਼ੂ, ਨੇਹਾ, ਹਰਮਨਜੀਤ ਅਤੇ ਮਾਨਸੀ ਨੇ ਆਪਣੀ ਪ੍ਰਾਪਤੀ ਦਾ ਸਾਰਾ ਸਿਹਰਾ ਆਪਣੇ ਸਕੂਲ ਦੇ ਮਿਹਨਤੀ ਅਧਿਆਪਕਾਂ ਅਤੇ ਮਾਪਿਆਂ ਨੂੰ ਦਿੱਤਾ।

# ਅੱਪਰਾ ਵਿਖੇ ਰਾਸ਼ਟਰੀ ਡੇਂਗੂ ਦਿਵਸ ਮਨਾਇਆ



**ਫਿਲੌਰ/ਅੱਪਰਾ (ਦੀਪਾ)-** ਸਿਵਲ ਸਰਜਨ ਜਲੰਧਰ ਡਾਕਟਰ ਗੁਰਮੀਤ ਲਾਲ ਅਤੇ ਐਪੀਡੀਮੋਲੋਜਿਸਟ ਡਾਕਟਰ ਅਦਿੱਤਿਆ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ, ਐਸ ਐਮ ਓ ਡਾਕਟਰ ਕਿਰਨ ਕੌਸ਼ਲ ਸੀ ਐਚ ਸੀ ਅੱਪਰਾ ਦੀ ਅਗਵਾਈ ਵਿੱਚ ਨੈਸ਼ਨਲ ਡੇਂਗੂ ਡੇਅ ਮਨਾਇਆ ਗਿਆ ਜਿਸ ਦੌਰਾਨ ਗੁਰਨੇਕ ਲਾਲ ਹੈਲਥ ਸੁਪਰਵਾਈਜਰ ਨੇ ਫ਼ੀਲਡ ਸਟਾਫ਼, ਨਰਸਿੰਗ ਸਟੂਡੈਂਟਸ ਨੂੰ ਨਾਲ ਲੈ ਕੇ ਪਿੰਡ ਗੜੀ ਮਹਾਂ ਸਿੰਘ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਵਿਦਿਆਰਥੀਆਂ ਨੂੰ ਡੇਂਗੂ, ਮਲੇਰੀਆ, ਚਿਕਨ ਗੁਨੀਆ ਬੁਖਾਰ ਦੇ ਕਾਰਨ, ਲੱਛਣ ਅਤੇ ਬਚਾਅ ਸਬੰਧੀ ਜਾਣਕਾਰੀ ਦਿੱਤੀ। ਉਹਨਾਂ ਨੇ ਕਿਹਾ ਕਿ ਇਹ ਬੁਖਾਰ ਫੈਲਾਉਣ ਵਾਲਾ ਮੱਛਰ ਸਾਫ ਤੇ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ । ਆਪਣੇ ਘਰਾਂ ਵਿੱਚ ਅਤੇ ਘਰਾਂ ਦੇ ਆਲ਼ੇ ਦੁਆਲ਼ੇ ਪਾਣੀ ਨਹੀਂ ਖੜ੍ਹਾ ਹੋਣ ਦੇਣਾ ਚਾਹੀਦਾ। ਕੋਈ ਵੀ ਬੁਖ਼ਾਰ ਹੋਵੇ, ਡਾਕਟਰ ਦੀ ਸਲਾਹ ਤੋਂ ਬਿਨਾਂ ਕੋਈ ਦਵਾਈ ਨਹੀਂ ਖਾਣੀ ਚਾਹੀਦੀ। ਇਸ ਤੋਂ ਇਲਾਵਾ ਉਨ੍ਹਾਂ ਨੇ ਸਾਫ ਸੁੱਥਰਾ ਤੇ ਸੰਤੁਲਿਤ ਭੋਜਨ ਖਾਣ ਲਈ ਕਿਹਾ । ਅਣ ਢੱਕੀਆਂ ਬਾਹਲੀਆਂ ਚੀਜਾਂ ਨਹੀਂ ਖਾਣੀਆਂ ਚਾਹੀਦੀਆਂ।ਇਸ ਮੌਕੇ ਪ੍ਰਿੰਸੀਪਲ ਸੁਰਿੰਦਰ ਕੁਮਾਰ, ਸਰਪੰਚ ਸੋਹਣ ਸਿੰਘ, ਫ਼ੀਲਡ ਸਟਾਫ਼, ਸਮੂਹ ਟੀਚਰ ਵੀ ਹਾਜ਼ਰ ਸਨ। ਪਿੰਡ ਵਿੱਚ ਕਮਲਜੀਤ ਕੌਰ ਆਸ਼ਾ ਵਰਕਰਾਂ ਅਤੇ ਨਰਸਿੰਗ ਸਟੂਡੈਂਟਸ ਨੇ ਕੂਲਰ , ਫਰਿੱਜ ਦੀਆਂ ਟਰੇਆਂ, ਗ਼ਮਲੇ, ਕੰਟੇਨਰ, ਟਾਇਰਾਂ ਆਦਿ ਵਿੱਚ ਲਾਰਵਾ ਚੈੱਕ ਕੀਤਾ ਗਿਆ ਅਤੇ ਨਾਲ ਨਾਲ ਜਾਣਕਾਰੀ ਵਾਲੇ ਪੈਂਫਲਿਟ ਵੀ ਵੰਡੇ।

# ਅੱਜ ਦਿੱਲੀ ਵਿਖੇ ਬਸਪਾ ਦੀ ਰਾਸ਼ਟਰੀ ਮੀਟਿੰਗ ਭੈਣ ਮਾਇਆਵਤੀ ਜੀ ਨੇ ਕੀਤੀ



**ਦਿੱਲੀ (ਚਰਨਜੀਤ ਸੱਲ੍ਹਾਂ)** ਅੱਜ ਦਿੱਲੀ ਵਿਖੇ ਭੈਣ ਮਾਇਆਵਤੀ ਜੀ ਨੇ ਮੀਟਿੰਗ ਕੀਤੀ।" ਦਿੱਲੀ ਵਿੱਚ ਬਹੁਜਨ ਸਮਾਜ ਪਾਰਟੀ ਦੀ ਮੀਟਿੰਗ ਵਿੱਚ ਹਿੱਸਾ ਲੈਂਦੇ ਹੋਏ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ, ਬਸਪਾ ਪੰਜਾਬ ਦੇ ਇੰਚਾਰਜ MLA ਡਾਕਟਰ ਨਛੱਤਰ ਪਾਲ ਜੀ, ਬਸਪਾ ਪੰਜਾਬ ਦੇ ਉੱਪ ਪ੍ਰਧਾਨ ਅਜੀਤ ਸਿੰਘ ਭੈਣੀ ਜੀ ਅਤੇ ਬਸਪਾ ਪੰਜਾਬ ਦੇ ਇੰਚਾਰਜ ਸਰਦਾਰ ਕੁਲਦੀਪ ਸਿੰਘ ਸਰਦੂਲਗੜ੍ਹ ਜੀ " ਜੈ ਭੀਮ ਜੈ ਭਾਰਤ ਜੈ ਕਾਂਸ਼ੀਰਾਮ ਜੈ ਸੰਵਿਧਾਨ ਜੈ ਬਸਪਾ

# ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਵਲੋਂ ਸੁਰਜੀਤ ਤਲਵਾਰ ਨਾਲ ਰੂ-ਬਰੂ ਕਰਵਾਇਆ ਗਿਆ

**ਮਹਿਲ ਕਲਾਂ: (ਚੰਡਿਹੋਕ)** ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੀ ਇਕਾਈ ਬਰਨਾਲਾ ਵੱਲੋਂ ਉੱਘੇ ਤਰਕਸ਼ੀਲ ਆਗੂ ਸੁਰਜੀਤ ਤਲਵਾਰ ਨਾਲ ਸਰਕਾਰੀ ਹਾਈ ਸਕੂਲ ਸਹੌਰ ਵਿਖੇ ਰੂ-ਬਰੂ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗੀਤਾਂ ਨਾਲ ਹੋਈ। ਸਮਾਗਮ ਦੇ ਆਰੰਭ ਵਿਚ ਅਧਿਆਪਕ ਮਨਪ੍ਰੀਤ ਸਿੰਘ ਕਹਿਲ ਨੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਸਕੂਲ ਵਿਚ ਹੁੰਦੀਆਂ ਸਾਹਿਤਕ ਅਤੇ ਸੱਭਿਆਚਾਰਕ ਬਾਰੇ ਜਾਣਕਾਰੀ ਦਿੱਤੀ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕਿਹਾ ਕਿ ਸੰਘ ਵਲੋਂ 'ਪਿੰਡੋ-ਪਿੰਡੀ ਸਾਹਿਤ' ਦੀ ਲੜੀ ਇਸ ਕਰਕੇ ਸ਼ੁਰੂ ਕੀਤੀ ਗਈ ਹੈ ਤਾਂ ਕਿ ਲੇਖਕ, ਪਾਠਕਾਂ ਦੇ ਅਤੇ ਪਾਠਕ, ਲੇਖਕਾਂ ਦੇ ਰੂ-ਬਰੂ ਹੋ ਸਕਣ। ਇਹ ਸਮਾਗਮ ਲੇਖਕਾਂ ਅਤੇ ਆਮ ਲੋਕਾਂ ਵਿਚ



ਪਈ ਵਿਥ ਨੂੰ ਘਟਾਉਣ ਵਿਚ ਸਹਾਈ ਹੋਣਗੇ। ਸੁਰਜੀਤ ਤਲਵਾਰ ਨੇ ਕਿਹਾ ਕਿ ਮੈਂ ਬਚਪਨ ਤੋਂ ਹੀ ਵਿਗਿਆਨਕ ਸੋਚ ਦਾ ਧਾਰਨੀ ਰਿਹਾ ਹਾਂ। ਇਸੇ ਵਿਚਾਰਧਾਰਾ ਨੂੰ ਆਮ ਲੋਕਾਂ ਦੀ ਸੋਚ ਦਾ ਹਿੱਸਾ ਬਣਾਉਣ ਲਈ ਤਰਕਸ਼ੀਲ ਸਾਹਿਤ ਦੀ ਸਿਰਜਣਾ ਕੀਤੀ ਹੈ। ਮੈਂ ਬਿਨਾਂ ਕਿਸੇ ਸੁਆਰਥ ਤੋਂ ਪਿੰਡ ਪਿੰਡ ਜਾ ਕੇ ਪਰਿਵਾਰਾਂ ਦੀ ਮੁਸ਼ਕਲਾਂ ਹੱਲ ਕਰਨ ਦਾ ਯਤਨ ਕਰਦਾ ਰਿਹਾ ਹਾਂ। ਰਜਿੰਦਰ ਭਦੌੜ ਨੇ ਆਪਣੇ ਜੀਵਨ ਦੇ ਤਜਰਬੇ ਸਾਂਝੇ ਕਰਦਿਆਂ ਕਿਹਾ ਕਿ ਕੁਝ ਚਾਲਾਕ ਕਿਸਮ ਦੇ ਲੋਕ ਅੱਜ ਵੀ ਸਾਡੇ ਆਮ ਲੋਕਾਂ ਨੂੰ ਵਹਿਮਾਂ ਭਰਮਾਂ ਦੇ ਚੱਕਰ ਵਿਚ ਪਾ ਕੇ ਲੁੱਟ ਰਹੇ ਹਨ। ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਵੱਲੋਂ ਆਰੰਭੀ ਗਈ ਇਹ ਮੁਹਿੰਮ ਸਹੀ ਅਰਥਾਂ ਵਿਚ ਸਾਹਿਤ ਦੇ ਮਕਸਦ ਨੂੰ ਇਕ ਲਹਿਰ ਬਣਾਉਣ ਵਿਚ ਸਹਾਈ ਸਿੱਧ ਹੋਵੇਗੀ। ਮੇਘ ਰਾਜ ਮਿੱਤਰ ਅਤੇ ਰਾਮ ਸਰੂਪ ਸ਼ਰਮਾ ਨੇ ਸਾਂਝੇ ਤੌਰ ਖ਼ੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸੰਘ ਵੱਲੋਂ ਕਿਸੇ ਲੇਖਕ ਦਾ ਉਸ ਦੇ ਪਿੰਡ ਜਾ ਕੇ ਸਨਮਾਨ ਕਰਨਾ ਇਕ ਚੰਗੀ ਪਿਰਤ ਹੈ। ਇਸ ਮੌਕੇ ਪ੍ਰਧਾਨਗੀ ਮੰਡਲ ਤੋਂ ਬਿਨਾਂ ਡਾ. ਹਰਿਭਗਵਾਨ, ਭੋਲਾ ਸਿੰਘ ਸੰਘੇੜਾ, ਮੇਜਰ ਸਿੰਘ ਗਿੱਲ, ਜਗਤਾਰ ਜਜ਼ੀਰਾ, ਹੀਰਾ ਲਾਲ, ਸਰਪੰਚ ਲਖਵੀਰ ਸਿੰਘ, ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਸੱਤਪਾਲ ਸਿੰਘ ਅਤੇ ਮੁੱਖ ਅਧਿਆਪਕ ਵੱਲੋਂ ਸੁਰਜੀਤ ਤਲਵਾਰ ਨੂੰ ਸਨਮਾਨ ਕਰਨ ਦੀ ਰਸਮ ਵੀ ਨਿਭਾਈ।

# ਨਾਮੀ ਕਬੱਡੀ ਕਮੈਂਟੇਟਰ ਬਿੱਲਾ ਲਲਤੋਂ ਕਲਾਂ ਨੂੰ ਸਦਮਾ, ਮਾਤਾ ਮੁਖਤਿਆਰ ਕੌਰ ਜੀ ਚੱਲ ਵਸੇ, ਅੰਤਿਮ ਅਰਦਾਸ 23 ਮਈ ਨੂੰ

**ਲੁਧਿਆਣਾ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਕਬੱਡੀ ਦੇ ਬਹੁਤ ਨਾਮੀ ਕਮੈਂਟੇਟਰ ਅਮਨਦੀਪ ਸਿੰਘ ਉਰਫ ਬਿੱਲਾ ਲਲਤੋਂ ਕਲਾਂ ਦੇ ਸਤਿਕਾਰ ਯੋਗ ਮਾਤਾ ਮਖ਼ਤਿਆਰ ਕੌਰ ਜੀ ਬੀਤੀ 15 ਮਈ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆ ਗਏ ਹਨ। ਉਹਨਾਂ ਦੀ ਬੇਵਕਤੀ ਮੌਤ ਨਾਲ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ । ਕੁਝ ਸਮਾਂ ਪਹਿਲਾਂ ਬਿੱਲਾ ਲਲਤੋਂ ਦੇ ਪਿਤਾ ਜੈ ਸਿੰਘ ਅਤੇ ਉਨ੍ਹਾਂ ਦੀ ਭੈਣ ਬਲਜੀਤ ਕੌਰ ਦਾ ਵੀ ਦੇਹਾਂਤ ਹੋ ਗਿਆ ਸੀ । ਇਹਨਾਂ ਮੌਤਾਂ ਨਾਲ ਪਰਿਵਾਰ ਵਿੱਚ ਵੱਡਾ ਖਿਲਾਅ ਪਿਆ



ਸੀ। ਸਵਰਗੀ ਮਾਤਾ ਮੁਖਤਿਆਰ ਕੌਰ ਕੌਰ ਨੇ ਬਿੱਲਾ ਲਲਤੋਂ ਕਲਾਂ ਨੂੰ ਵਧੀਆ ਸੰਸਕਾਰ ਦੇ ਕੇ ਸਮਾਜ ਦਾ ਹਾਣੀ ਬਣਾਇਆ ਹੈ। ਸਵਰਗੀਂ ਮਾਤਾ ਮਖਤਿਆਰ ਕੌਰ ਦੇ ਨਮਿਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 23 ਮਈ ਦਿਨ ਸ਼ੁਕਰਵਾਰ ਨੂੰ ਗੁਰਦੁਆਰਾ ਸਾਹਿਬ ਲਲਤੋਂ ਕਲਾਂ ਵਿਖੇ ਦੁਪਹਿਰ 12:30 ਤੋਂ 1:30 ਵਜੇ ਤੱਕ ਹੋਵੇਗੀ। ਇਸ ਮੌਕੇ ਕਬੱਡੀ ਦੀਆਂ ਵੱਖ ਵੱਖ ਫੈਡਰੇਸ਼ਨਾਂ ਦੇ ਅਹੁਦੇਦਾਰਾਂ, ਕਬੱਡੀ ਪ੍ਰਮੋਟਰਾਂ ਕਬੱਡੀ ਕਮੈਂਟੇਟਰ ਅਤੇ ਸਮੂਹ ਖਿਡਾਰੀਆਂ ਨੇ ਬਿੱਲਾ ਲਲਤੋਂ ਕਲਾਂ ਦੇ ਮਾਤਾ ਮਖਤਿਆਰ ਕੌਰ ਦੀ ਮੌਤ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਹਮਦਰਦੀ ਦਾ ਇਜ਼ਹਾਰ ਕੀਤਾ ਹੈ। ਜਗਰੂਪ ਸਿੰਘ ਜਰਖੜ

# ਅਟਵਾਲ ਪਰਿਵਾਰ ਦੇ ਮੁਖੀ ਰੁਲਦੂ ਰਾਮ ਅਟਵਾਲ ਜੀ ਨੂੰ KWS ਵਲੋਂ ਸਨਮਾਨਿਤ ਕੀਤਾ ਗਿਆ

**ਬੰਗਾ (ਚਰਨਜੀਤ ਸੱਲਾ)** ਪਿੰਡ ਕੁਲਥਮ ਵਿੱਚ ਸਮਾਜਿਕ ਭਲਾਈ ਲਈ ਕੰਮ ਕਰ ਰਹੀ ਸੰਸਥਾ KWS ਨੂੰ ਆਰਥਿਕ ਪੱਖੋਂ ਸਪੋਰਟ ਕਰਨ ਅਤੇ ਨੌਜਵਾਨਾਂ ਨੂੰ ਸਮਾਜਿਕ ਕੰਮਾਂ ਲਈ ਉਤਸ਼ਾਹਿਤ ਕਰਨ ਤੇ ਖਾਂਸ਼ ਦੀ ਸਮੁੱਚੀ ਟੀਮ ਵਲੋਂ ਅਟਵਾਲ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ ਇਸ ਮੌਕੇ ਰੁਲਦੂ ਰਾਮ ਅਟਵਾਲ ਨੇ ਨੌਜਵਾਨਾਂ ਨੂੰ ਇਸ ਕੰਮ ਲਈ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਇਹ ਸਮਾਜ ਸੇਵਾ ਦਾ ਕੰਮ ਕਰਨਾ ਹਰ ਕਿਸੇ ਦੇ ਵੱਸ ਦੀ ਗੱਲ



ਨਹੀਂ ਹੈ ਇਸ ਮੌਕੇ ਡਾ ਸੋਨੂੰ ਨਰ (ਪ੍ਰਧਾਨ), ਮੁਕੇਸ਼ ਕੁਮਾਰ ( ਸਕੱਤਰ), ਸਤਨਾਮ ਅਟਵਾਲ ( ਉਪ ਪ੍ਰਧਾਨ), ਗੌਰਵ ਕੁਮਾਰ (ਪ੍ਰੋਜੈਕਟ ਕੋਆਰਡੀਨੇਟਰ), ਰਾਕੇਸ਼ ਕੁਮਾਰ ਕੁਲਥਮ (ਸੰਸਥਾਪਕ), ਰੋਹਿਤ ਕੁਮਾਰ(ਸਕੱਤਰ), ਦੀਪਕ ਅਟਵਾਲ (ਉਪ ਕੈਸ਼ੀਅਰ) ਹਾਜਿਰ ਸਨ।

# ਉੱਘੇ ਗਾਇਕ ਗਗਨ ਕੋਕਰੀ ਤੇ ਗੈਵੀ ਧਾਲੀਵਾਲ ਨੇ ਗੀਤਾਂ ਨਾਲ ਰੌਣਕਾਂ ਲਾਉਂਦੇ ਹੋਏ ਬੰਨ੍ਹਿਆ ਵਖਰਾ ਰੰਗ -ਮੇਲਾ ਐਡੀਲੇਡ ਦਾ ਇੱਕ ਯਾਦਗਾਰ ਬਣਿਆ

**ਐਡੀਲੇਡ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਮੇਲਾ ਐਡੀਲੇਡ ਦਾ ਐਲਿਸ ਪਾਰਕ ਵੈਸਟ ਟੈਰਸ ਚ ਇੰਡੀਅਨ ਆਸਟਰੇਲੀਅਨ ਮੀਡੀਆ ਆਫ਼ ਸਾਊਥ ਆਸਟ੍ਰੇਲੀਆ ਵੱਲੋਂ ਸਭਨਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਦੂਰ ਦੁਰੇਡਿਓਂ ਵੱਡੀ ਗਿਣਤੀ ਚ ਸ਼ਿਰਕਤ ਕਰਨ ਲਈ ਸੰਗਤਾਂ ਪਹੁੰਚੀਆਂ, ਦਰਸ਼ਕਾਂ ਵੱਲੋਂ ਮੇਲੇ ਨੂੰ ਮਿਲਿਆ ਭਰਵਾਂ ਹੁੰਗਾਰਾ। ਉੱਘੇ ਗਾਇਕ ਗਗਨ ਕੋਕਰੀ ਤੇ ਗੈਰੀ ਧਾਲੀਵਾਲ ਨੇ ਸਟੇਜ ਤੋਂ ਧਾਰਮਿਕ ਗੀਤ ਦੀ ਆਰੰਭਤਾ ਨਾਲ ਗੀਤਾਂ ਦੀ ਨਿਰੰਤਰ ਝੜੀ ਲਾਉਦੇ ਹੋਏ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ,ਗਗਨ ਕੋਕਰੀ ਭਾਰਤੀ ਪੰਜਾਬੀ ਸੰਗੀਤਕ ਕਲਾਕਾਰ, ਗਾਇਕ ਅਤੇ ਅਦਾਕਾਰ ਨੇ ਪੰਜਾਬੀ ਗੀਤ ਜੱਟ ਓਡੀਆਂ ਚ ਘੁੰਮਦਾ ਫਿਰੇ ਇਕ ਬਾਪੂ ਤੇਰੇ ਫੋਰਡ ਕਰਕੇ ਸਮੇਤ ਅਨੇਕਾਂ ਚੋਟੀ ਦੇ ਗੀਤਾਂ ਨਾਲ ਸਰੋਤਿਆ ਨੂੰ ਮੰਤਰ ਮੁਗਧ ਕੀਤਾ ,ਸਰੋਤਿਆ ਨੇ ਗੀਤਾ ਤੇ ਭੰਗੜੇ ਪਾਉਂਦੇ ਹੋਏ ਮੇਲੇ ਦਾ ਭਰਭੂਰ ਅਨੰਦ ਮਾਣਿਆ । ਉੱਘੇ ਗਾਇਕ ਗਗਨ ਕੋਕਰੀ ਤੇ ਗੈਵੀ



ਧਾਲੀਵਾਲ ਨੇ ਗੀਤਾ ਰਾਹੀ ਮੇਲੇ ਸੀ ਪੁਰਾ ਰੰਗ ਬੰਨ੍ਹਿਆ ਬੰਨ੍ਹਿਆ। ਸਟੇਜ ਤੋਂ ਜਗਰੂਪ ਬੁੱਟਰ ਤੇ ਅਮਨਦੀਪ ਕੌਰ ਵਲੋਂ ਮੇਲਾ ਐਡੀਲੇਡ ਦਾ ਨੂੰ ਇੱਕ ਲੜੀ 'ਚ ਪਰੋ ਕੇ ਦਰਸ਼ਕਾਂ ਸਨਮੁਖ ਨਿਵੇਕਲੇ ਢੰਗ 'ਚ ਬਾਖੂਬੀ ਪੇਸ਼ਕਾਰੀ ਕੀਤੀ। ਮੇਲੇ ਚ ਵੱਖ ਵੱਖ ਵੰਨਗੀਆ ਸਮੇਤ ਵੱਖਰਾ ਹੀ ਰੰਗ ਬੰਨਿਆ ਕਰਨ ਬਰਾੜ ਵੱਲੋਂ ਕੀਤੀ ਪੇਸ਼ਕਾਰੀ ਰੰਗਲਾ ਪੰਜਾਬ ਦੀ ਝਲਕ ਚ ਸੱਭਿਆਚਾਰ ਦਾ ਖ਼ਜ਼ਾਨਾ ਵੇਖਣ ਨੂੰ ਮਿਲਿਆ, ਜਿਸ ਦੀ ਸਭਨਾਂ ਨੇ ਸਲਾਘਾ ਕੀਤੀ। ਲਜ਼ੀਜ਼ ਖਾਣੇ ਦਾ ਵੱਖ ਵੱਖ ਸਟਾਲਾਂ ਤੇ ਸਭਨਾਂ ਨੇ ਖੂਬ ਅਨੰਦ ਮਾਣਿਆ। ਮੇਲਾ ਐਡੀਲੇਡ ਦਾ ਯਾਦਗਾਰੀ ਹੋ ਨਿਬੜਿਆ ਜਿਸ ਨੂੰ ਐਡੀਲੇਡ ਵਾਸੀ ਲੰਬੇ ਸਮੇ ਤਕ ਯਾਦ ਰੱਖਣਗੇ। ਪ੍ਰਬੰਧਕਾਂਨੇ ਦਰਸ਼ਕਾ ਦਾ ਵੱਢੀ ਗਿਣਤੀ ਸੀ ਪਰੀਵਾਰਾ ਸਮੇਤ ਪਹੁੰਚਣ ਤੇ ਜ਼ੀ ਆਇਆਂ ਆਖਦੇ ਹੋਏ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

# ਪੰਜਾਬ ਦੀ ਧਰਤੀ ਨੂੰ ਨਸ਼ੇ ਤੋਂ ਮੁਕਤ ਕਰਨਾ ਸਰਕਾਰ ਦੀ ਮੁੱਖ ਤਰਜ਼ੀਹ - ਬ੍ਰਹਮ ਸ਼ੰਕਰ ਜਿੰਪਾ

## ਵਿਧਾਇਕ ਦੀ ਅਗਵਾਈ 'ਚ ਪਿੰਡ ਨਾਰੂ ਨੰਗਲ ਖਾਸ ਤੇ ਨਾਰੂ ਨੰਗਲ ਕਿਲਾ ਤੋਂ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚੱਲ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਮਜ਼ਬੂਤੀ ਦਿੰਦੇ ਹੋਏ, ਹੁਸ਼ਿਆਰਪੁਰ ਵਿਧਾਨ ਸਭਾ ਹਲਕੇ ਦੇ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਪਿੰਡ ਨਾਰੂ ਨੰਗਲ ਖਾਸ ਅਤੇ ਨਾਰੂ ਨੰਗਲ ਕਿਲਾ ਵਿਚ ਨਸ਼ਾ ਮੁਕਤੀ ਯਾਤਰਾ ਦੀ ਸ਼ੁਰੂਆਤ ਕੀਤੀ। ਇਸ ਮੌਕੇ ਵਿਧਾਇਕ ਜਿੰਪਾ ਨੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੀ ਧਰਤੀ ਨੂੰ ਨਸ਼ਿਆਂ ਤੋਂ ਮੁਕਤ ਕਰਨਾ ਆਮ ਆਦਮੀ ਪਾਰਟੀ ਸਰਕਾਰ ਦੀਆਂ ਪ੍ਰਮੁੱਖ ਤਰਜ਼ੀਹਾਂ ਵਿਚੋਂ ਇਕ ਹੈ। ਉਨ੍ਹਾਂ ਕਿਹਾ ਕਿ ਨਸ਼ੇ ਦੀ ਲਤ ਤੋਂ ਨਾ ਸਿਰਫ਼ ਨੌਜਵਾਨ ਪੀੜ੍ਹੀ ਪ੍ਰਭਾਵਿਤ ਹੋ ਰਹੀ ਹੈ, ਸਗੋਂ ਪੂਰਾ ਸਮਾਜ ਅਤੇ ਪਰਿਵਾਰ ਵੀ ਇਸ ਤੋਂ ਪੀੜਤ ਹੈ। ਇਸ ਯਾਤਰਾ ਦਾ ਉਦੇਸ਼ ਲੋਕਾਂ ਨੂੰ ਨਸ਼ੇ ਵਿਰੁੱਧ ਜਾਗਰੂਕ ਕਰਨਾ ਅਤੇ ਸਮਾਜ ਨੂੰ ਨਸ਼ਾ ਮੁਕਤ ਬਣਾਉਣਾ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਸਰਕਾਰ ਵਲੋਂ ਨਸ਼ਾ ਵੇਚਣ ਵਾਲਿਆਂ 'ਤੇ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਨਾਲ ਹੀ ਨਸ਼ਾ ਛੱਡਣ ਦੇ ਚਾਹਵਾਨ ਲੋਕਾਂ ਲਈ ਮੁੜ ਵਸੇਬਾ ਕੇਂਦਰਾਂ ਅਤੇ ਸਲਾਹ ਸੇਵਾਵਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਦੀ ਰੋਕਥਾਮ ਵਿਚ ਸਰਕਾਰ ਦਾ ਸਾਥ ਦੇਣ ਅਤੇ ਆਪਣੇ ਘਰਾਂ, ਗਲੀਆਂ ਅਤੇ ਮੁਹੱਲਿਆਂ ਨੂੰ ਨਸ਼ਾ ਮੁਕਤ ਬਣਾਉਣ ਵਿਚ ਯੋਗਦਾਨ ਪਾਉਣ। ਇਸ ਦੌਰਾਨ ਸਥਾਨਕ ਪੰਚਾਇਤਾਂ ਅਤੇ ਨੌਜਵਾਨਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਇਸ ਮਿਸ਼ਨ ਨੂੰ ਇੱਕ ਜਨ ਲਹਿਰ ਵਿੱਚ ਬਦਲਣ ਦੀ ਸਹੁੰ ਚੁੱਕੀ। ਨਸ਼ਾ ਮੁਕਤੀ ਯਾਤਰਾ ਦੌਰਾਨ ਸਥਾਨਕ ਨਿਵਾਸੀਆਂ, ਸਕੂਲੀ ਬੱਚਿਆਂ, ਨੌਜਵਾਨਾਂ ਅਤੇ ਸਮਾਜਿਕ ਸੰਗਠਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਯਾਤਰਾ ਦੌਰਾਨ, ਲੋਕਾਂ ਨੂੰ ਪੋਸਟਰ ਰੈਲੀ, ਜਾਗਰੂਕਤਾ ਨਾਅਰੇ ਅਤੇ ਜਨਤਕ ਮੀਟਿੰਗਾਂ ਰਾਹੀਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ।

# ਰੈੱਡ ਕਰਾਸ ਸੁਸਾਇਟੀ ਵਲੋਂ ਦਸ਼ਮੇਸ਼ ਨਰਸਰੀ ਸਕੂਲ ਮੁਕੇਰੀਆਂ 'ਚ ਤਿੰਨ ਦਿਨਾਂ ਫਸਟ ਏਡ ਵਰਕਸ਼ਾਪ ਲਗਾਈ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਇੰਡੀਅਨ ਰੈੱਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਵਲੋਂ ਦਸਮੇਸ਼ ਨਰਸਰੀ ਸਕੂਲ, ਚੱਕ ਅੱਲਾ ਬਖਸ਼ ਮੁਕੇਰੀਆਂ ਵਿਚ ਤਿੰਨ ਦਿਨਾਂ ਫਸਟ ਏਡ ਵਰਕਸ਼ਾਪ ਦਾ ਸਫ਼ਲਤਾਪੂਰਵਕ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿਚ ਸਕੂਲ ਦੇ ਪ੍ਰਿੰਸੀਪਲ ਸਮੇਤ ਕੁੱਲ 29 ਅਧਿਆਪਕਾਂ ਦੇ ਹਿੱਸਾ ਲਿਆ। ਇਸ ਵਰਕਸ਼ਾਪ ਦਾ ਸੰਚਾਲਨ ਸੰਜੀਵਨ ਸਿੰਘ ਡਡਵਾਲ, ਫਸਟ ਏਡ ਟਰੇਨਿੰਗ ਸੁਪਰਵਾਈਜ਼ਰ, ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਨੇ ਕੀਤਾ। ਇਸ ਵਿਚ ਭਾਗੀਦਾਰਾਂ ਨੂੰ ਜੀਵਨ ਸੁਰੱਖਿਆ ਹੁਨਰ ਤਕਨੀਕਾਂ ਦੀ ਸਿਖਲਾਈ ਦਿੱਤੀ ਗਈ ਅਤੇ ਡਾਕਟਰੀ ਅਮਰਜੈਂਸੀ ਸਥਿਤੀ ਵਿਚ ਪ੍ਰਭਾਵੀ ਢੰਗ ਨਾਲ ਪ੍ਰਤੀਕਿਰਿਆ ਦੇਣਾ, ਰੈਡ ਕਰਾਸ ਦੀ ਭੂਮਿਕਾ, ਫਸਟ ਏਡ ਦੇ ਮੁਢਲੇ ਸਿਧਾਂਤ, ਫਰੈਕਚਰ ਪ੍ਰਬੰਧਨ, ਪੱਟੀ ਬੰਨਣ ਦੀ ਵਿਧੀ, ਜਲਣ ਦੀ ਰੋਕਥਾਮ ਅਤੇ ਇਲਾਜ, ਡੁਬਣ ਦੀ ਸਥਿਤੀ ਵਿਚ ਬਚਾਅ ਅਤੇ ਮੁਢਲੀ ਸਹਾਇਤਾ, ਕਾਰਡਿਉ ਪਲਮਨਰੀ ਰਿਸਸੀਟੇਸ਼ਨ, ਸਾਹ ਰੁਕਣ, ਝਟਕਾ ਅਤੇ ਕੋਮਾ, ਸਿਰ ਦੀ ਸੱਟ, ਸੰਤੁਲਤ ਆਹਾਰ ਅਤੇ ਪੋਸ਼ਣ ਸਫ਼ਾਈ ਅਤੇ ਸਵੱਛਤਾ ਵਰਗੇ ਮਹੱਤਵਪੂਰਨ ਵਿਸ਼ਿਆਂ 'ਤੇ ਜਾਣਕਾਰੀ ਦਿੱਤੀ ਗਈ। ਇਸ ਵਰਕਸ਼ਾਪ ਦਾ ਮੁੱਖ ਉਦੇਸ਼ ਅਧਿਆਪਕਾਂ ਨੂੰ ਸੰਕਟਮਈ ਹਾਲਾਤਾਂ ਵਿਚ ਡਾਕਟਰੀ ਸਹਾਇਤਾ ਮਿਲਣ ਨਾਲ ਪਹਿਲਾਂ ਰੋਗੀ ਦੀ ਜਾਨ ਬਚਾਉਣ ਲਈ ਜ਼ਰੂਰੀ ਪਹਿਲਾ ਇਲਾਜ ਪ੍ਰਤੀ ਸਸ਼ਕਤ ਬਣਾਉਣਾ ਹੈ। ਰੈਡ ਕਰਾਸ ਸੁਸਾਇਟੀ ਹੁਸ਼ਿਆਰਪੁਰ ਦੇ ਸਕੱਤਰ ਮੰਗੇਸ਼ ਸੂਦ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਨਿਰਦੇਸ਼ਾਂ 'ਤੇ ਸਕੂਲਾਂ, ਕਾਲਜਾਂ ਅਤੇ ਉਦਯੋਗਿਕ ਸੰਸਥਾਵਾਂ ਵਿਚ ਇਸ ਤਰ੍ਹਾਂ ਦੇ ਸਿਖਲਾਈ ਸੈਸ਼ਨ ਕਰਵਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਫੈਕਟਰੀ ਐਕਟ ਦੇ ਤਹਿਤ ਮੁੱਢਲੀ ਸਹਾਇਤਾ ਸਿਖਲਾਈ ਵੀ ਇੱਕ ਨਿਯਮਕ ਲੋੜ ਹੈ ਅਤੇ ਸਾਰੇ ਉਦਯੋਗਾਂ ਨੂੰ ਆਪਣੇ ਸਟਾਫ ਨੂੰ ਇਨ੍ਹਾਂ ਤਕਨੀਕਾਂ ਨਾਲ ਲੈਸ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਜੋਖਮਾਂ ਨੂੰ ਘੱਟ ਕੀਤਾ ਜਾ ਸਕੇ ਅਤੇ ਦੁਰਘਟਨਾ ਦੀ ਸਥਿਤੀ ਵਿੱਚ ਜਾਨਾਂ ਬਚਾਈਆਂ ਜਾ ਸਕਣ। ਮੰਗੇਸ਼ ਸੂਦ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਸਿਖਲਾਈ ਸੈਸ਼ਨਾਂ ਦਾ ਮਕਸਦ ਵਿਦਿਆਰਥੀਆਂ, ਅਧਿਆਪਕਾਂ ਅਤੇ ਆਮ ਜਨਤਾ ਨੂੰ ਰੋਜ਼ਾਨਾ ਦੀ ਜ਼ਿੰਦਗੀ ਵਿਚ ਜ਼ਰੂਰੀ ਮੁਢਲੀ ਸਹਾਇਤਾ ਤਕਨੀਕਾਂ ਨਾਲ ਲੈਸ ਕਰਨਾ ਹੈ, ਤਾਂ ਜੋ ਕਿਸੇ ਵੀ ਸੰਕਟਮਈ ਸਥਿਤੀ ਵਿਚ ਜੀਵਨ ਬਚਾਇਆ ਜਾ ਸਕੇ। ਉਨ੍ਹਾਂ ਦੱਸਿਆ ਕਿ ਕੋਈ ਵੀ ਸਕੂਲ, ਕਾਲਜ, ਉਦਯੋਗ ਜਾਂ ਸੰਸਥਾ ਜੇਕਰ ਇਸ ਤਰ੍ਹਾਂ ਦੇ ਵਰਕਸ਼ਾਪ ਲਗਾਉਣੀ ਚਾਹਦੀ ਹੈ ਤਾਂ ਉਹ ਰੈਡ ਕਰਾਸ ਦਫ਼ਤਰ ਨਾਲ ਸੰਪਰਕ ਕਰ ਸਕਦੀ ਹੈ ਅਤੇ ਰੈਡ ਕਰਾਸ ਫਸਟ ਏਡ ਸਿਖਲਾਈ ਸੁਪਰਵਾਈਜਰ ਸੰਜੀਵਨ ਸਿੰਘ ਡਡਵਾਲ ਨਾਲ 93355-35493 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕਨੇਡਾ ਵਲੋਂ 10ਵਾਂ ਛਿਮਾਹੀ ਸਾਹਿਤਕ ਸੰਮੇਲਨ ਯਾਦਗਾਰੀ ਹੋ ਨਿਬੜਿਆ

## ਮਹਾਨ ਗਜ਼ਲਗੋ ਉਲਫ਼ਤ ਬਾਜਵਾ ਨੂੰ ਵੀ ਕੀਤਾ ਗਿਆ ਯਾਦ



**ਸਰੀ /ਵੈਨਕੂਵਰ (ਕੁਲਦੀਪ ਚੁੰਬਰ)–**

'ਦਿੱਲੀ ਦੱਖਣ ਤੀਕ ਗਜ਼ਲ ਦੀ ਲੋਅ ਪਹੁੰਚੀ,
ਕਿਸ ਨੇ ਜੋਤ ਜਗਾਈ ਸ਼ਹਿਰ ਜਲੰਧਰ ਵਿੱਚ' ।
'ਲੰਮੇ ਪਿੰਡ ਕੱਚਾ ਘਰ ਹੈ ਉਲਫ਼ਤ ਦਾ ,
ਯਾਰ ਨੇ ਕੋਠੀ ਪਾਈ ਸ਼ਹਿਰ ਜਲੰਧਰ ਵਿੱਚ '।

ਲੋਕ ਕਵੀ ਗੁਰਦਾਸ ਰਾਮ ਆਲਮ ਸਾਹਿਤ ਸਭਾ ਕਨੇਡਾ ਵਲੋਂ ਸਧਾਰਨ ਲੋਕਾਂ ਦਾ ਮਹਾਨ ਕਵੀ ਗੁਰਦਾਸ ਰਾਮ ਆਲਮ ਦੀ ਨਿੱਘੀ ਯਾਦ ਵਿੱਚ ਅਤੇ ਉਸਤਾਦ ਗਜ਼ਲਗੋ ਉਲਫ਼ਤ ਬਾਜਵਾ ਨੂੰ ਸਮਰਪਣ ਹੁੰਦਾ ਸਮਾਜਿਕ ਸੰਮੇਲਨ 7050 ਇੰਡੋ ਕਨੇਡੀਅਨ ਸੀਨੀਅਰਜ ਸੈਂਟਰ ਸਰੀ ਡੈਲਟਾ ਵਿਖੇ 18 ਮਈ 2025 ਦਿਨ ਐਤਵਾਰ ਨੂੰ ਕਰਾਇਆ ਗਿਆ। ਸਭ ਤੋਂ ਪਹਿਲਾਂ ਸਾਲ 2025 ਵਿੱਚ ਵਿਛੜ ਗਏ ਸਾਡੇ ਲੇਖਕ ਚਿੱਤਰਕਾਰ ਅਤੇ ਸਾਹਿਤਕਾਰ ਜੋ ਸਾਡੇ ਵਿੱਚ ਨਹੀਂ ਰਹੇ, ਪਰ ਸਾਡੀਆਂ ਯਾਦਾਂ ਵਿੱਚ ਜ਼ਰੂਰ ਰਹਿਣਗੇ, ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ । ਸ਼ਾਮਿਲ ਸਾਹਿਤ ਪ੍ਰੇਮੀਆਂ ਨੂੰ ਭੁਪਿੰਦਰ ਸਿੰਘ ਮੱਲੀ ਨੇ ਜੀ ਆਇਆਂ ਕਿਹਾ । ਤੇਜਬੀਰ ਸਿੰਘ ਸੰਧੂ (ਤੇਜਬੀਰ ਟਾਕ ਚੈਨਲ) ਨੇ ਵਿਗਿਆਨ ਅਤੇ ਸਾਹਿਤ ਬਾਰੇ ਜਾਣਕਾਰੀ ਸਾਂਝੀ ਕੀਤੀ। ਟੀ ਵੀ ਹੋਸਟ ਮਨਮੋਹਣ ਸਿੰਘ ਸਮਰਾ ਨੇ ਕਿਰਤੀਆਂ ਦੀ ਸਖ਼ਤ ਮਿਹਨਤ ਬਾਰੇ ਚਾਨਣਾ ਪਾਇਆ। ਉੱਘੇ ਸਿੱਖਿਆ ਸ਼ਾਸਤਰੀ ਪ੍ਰਿੰਸੀਪਲ ਕਸ਼ਮੀਰਾ ਸਿੰਘ ਨੇ ਹਰੇਕ ਮਨੁੱਖ ਦੀ ਅਹਿਮੀਅਤ ਉੱਪਰ ਜ਼ੋਰ ਦਿੱਤਾ। ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਗੁਰ-ਦਾਸ ਰਾਮ ਆਲਮ ਅਤੇ ਉਲਫ਼ਤ ਬਾਜਵਾ ਦੀਆਂ ਆਪਸੀ ਸਾਹਿਤਕ ਮਿਲਣੀਆਂ ਬਾਰੇ ਸਰੋਤਿਆਂ ਨਾਲ ਸਾਂਝ ਪਾਈ ਅਤੇ ਦੋਨਾਂ ਮਹਾਨ ਕਵੀਆਂ ਦੀਆਂ ਕਵਿਤਾਵਾਂ ਦੀ ਅੱਜ ਦੇ ਸਮੇਂ ਵਿੱਚ ਵੀ ਮਹਾਨਤਾ ਬਾਰੇ ਜ਼ੋਰ ਦਿੱਤਾ। ਹਰਚੰਦ ਸਿੰਘ ਗਿੱਲ ਨੇ ਉਲਫ਼ਤ ਬਾਜਵਾ ਦੀ ਗ਼ਜ਼ਲ ਪੱਤਝੜ ਦੇ ਨਾਲ ਸੁਣਾਈ ।ਮਨਜੀਤ ਸਿੰਘ ਮੱਲਾਂ ਨੇ ਆਲਮ ਦੀ ਕਵਿਤਾ ਹੀਰੇ ਉਦੋਂ ਮੈਂ ਡਰਦਾ ਸਾਂ ਸੁਰੀਲੀ ਆਵਾਜ਼ ਵਿੱਚ ਸੁਣਾਈ । ਆਲਮ ਦੀ ਕਵਿਤਾ ਮਹਾਨ ਰਾਜਾ ਦਲੀਪ ਸਿੰਘ ਦੀਆਂ ਦਿੱਤੀਆਂ ਚਿੱਠੀਆਂ ਸੁਰਜੀਤ ਸਿੰਘ ਗਿੱਲ ਨੇ ਸੁਣਾਈ । ਦਵਿੰਦਰ ਕੌਰ ਜੌਹਲ ਨੇ ਆਲਮ ਦੀ ਕਵਿਤਾ ਸੱਜਣਾ ਦੇ ਪਿੰਡ ਸੁਣਾਈ । ਗੁਰਬਚਨ ਸਿੰਘ ਬਰਾੜ ਨੇ ਆਲਮ ਦੀ ਕਵਿਤਾ ਲਲਾਰੀ ਨੂੰ ਸੁਣਾਇਆ। ਗੁਰਮੀਤ ਸਿੰਘ ਕਾਲਕਟ ਨੇ ਆਲਮ ਦੀ ਕਵਿਤਾ ਮਾਹੀ ਮੇਰਾ ਕਾਲੇ ਰੰਗ ਦਾ ਸੁਣਾਈ । ਕੈਪਟਨ ਜੀਤ ਮਹਿਰਾ ਨੇ ਆਲਮ ਦੀ ਕਵਿਤਾ ਉਲ੍ਹਾਮਾ ਸੁਣਾਈ। ਸਰੰਗੀ ਵਾਦਕ ਚਮਕੌਰ ਸਿੰਘ ਸੇਖੋਂ ਨੇ ਆਲਮ ਦੇ ਸਮੁੱਚੇ ਜੀਵਨ ਨੂੰ ਕਾਵ ਰੂਪ ਵਿੱਚ ਰੰਗਿਆ। ਮੰਚ ਦਾ ਸੰਚਾਲਨ ਪ੍ਰਿੰਸੀਪਲ ਮਲੂਕ ਚੰਦ ਕਲੇਰ ਨੇ ਜਿੰਮੇਵਾਰੀ ਨਾਲ ਨਿਭਾਇਆ । ਪ੍ਰਧਾਨ ਸੀਨੀਅਰਜ ਸੈਂਟਰ ਅਵਤਾਰ ਸਿੰਘ ਢਿੱਲੋਂ ਨੇ ਸਭਨਾਂ ਦਾ ਧੰਨਵਾਦ ਕੀਤਾ। ਗੁਰਮੀਤ ਸਿੰਘ ਸੇਖੋਂ, ਪ੍ਰਿੰਸੀਪਲ ਮੇਜਰ ਸਿੰਘ ਜੱਸੀ, ਪ੍ਰੋਫੈਸਰ ਕਸ਼ਮੀਰ ਸਿੰਘ, ਮਹਿੰਦਰ ਸੰਧੂ ਮਹੇੜੂ, ਪਰਮਿੰਦਰ ਕੌਰ, ਰਮਨੀ ਕਲੇਰ, ਕਮਰਨ, ਤੇਜਬੀਰ ਸਿੰਘ ਚੌਹਾਨ, ਅਵਤਾਰ ਸਿੰਘ ਜਸਵਾਲ, ਭਜਨ ਸਿੰਘ, ਸੁਸ਼ੀਲ ਚੌਧਰੀ, ਸਰਬਜੀਤ ਸਿੰਘ, ਗੁਰਦਿਆਲ ਸਿੰਘ ਜੌਹਲ, ਲੈਹਿਬਰ ਸਿੰਘ ਕੰਦੋਲਾ, ਸਵਰਨ ਸਿੰਘ ਚਾਹਲ, ਪਰਮਜੀਤ ਸਿੰਘ ਬਾਸੀ, ਦਿਲਬਾਗ ਸਿੰਘ ਬਾਸੀ, ਦਲਜੀਤ ਸਿੰਘ, ਸੁਰਿੰਦਰ ਸਿੰਘ ਸੰਧੂ, ਬਰਿੰਦਰ ਬੰਗੜ, ਸੀਤਾ ਰਾਮ ਅਹੀਰ ਆਦਿ ਸਰੋਤੇ ਸ਼ਾਮਿਲ ਹੋਏ। ਇਸ ਸਾਹਿਤਕ ਸੰਮੇਲਨ ਦਾ ਸਿੱਧਾ ਪ੍ਰਸਾਰਨ ਤੇਜਬੀਰ ਟਾਕ ਚੈਨਲ ਨੇ ਕੀਤਾ । ਪ੍ਰੋਗਰਾਮ ਦੀ ਕਵਰੇਜ ਸਿੱਧੀ ਗੱਲ ਚੈਨਲ ਦੁਆਰਾ ਨਿਰੰਜਨ ਸਿੰਘ ਲੇਹਲ ਨੇ ਕੀਤੀ। ਸਾਰਿਆਂ ਦੀ ਪ੍ਰਾਹੁਣਾਚਾਰੀ ਵੀ ਕੀਤੀ ਗਈ । ਇਹ ਸਾਹਿਤਕ ਸੰਮੇਲਨ ਬਹੁਤ ਹੀ ਸਾਦਾ ਪਰ ਪ੍ਰਭਾਵਸ਼ਾਲੀ ਹੋ ਨਿਬੜਿਆ। ਪ੍ਰੈਸ ਨੂੰ ਸਮੁੱਚੀ ਜਾਣਕਾਰੀ ਪ੍ਰਿੰਸੀਪਲ ਮਲੂਕ ਚੰਦ ਕਲੇਰ ਸੰਸਥਾਪਕ ਵਲੋਂ ਦਿੱਤੀ ਗਈ।

# ਬੁੱਧੀਜੀਵੀਆਂ ਵਲੋਂ ਬੁੱਧ ਵਿਹਾਰ ਸੋਫੀ ਪਿੰਡ ਵਿਖੇ ਮਿਸ਼ਨਰੀ ਆਗੂ ਸ੍ਰੀ ਰਤਨ ਲਾਲ ਸਾਂਪਲਾ ਜੀ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟ

**ਜਲੰਧਰ, (ਸਮਾਜ ਵੀਕਲੀ) (ਪਰਮਜੀਤ ਜੱਸਲ)**-ਅੱਜ ਬੁੱਧ ਵਿਹਾਰ ਸੋਫੀ ਪਿੰਡ ਵਿਖੇ ਅੰਬੇਡਕਰੀ, ਬੋਧੀ , ਸਤਿਗੁਰੂ ਰਵਿਦਾਸ ਸਭਾਵਾਂ ਦੇ ਕਾਰਜਕਰਤਾਵਾਂ , ਬੁੱਧੀਜੀਵੀਆਂ, ਨਗਰ ਨਿਵਾਸੀਆਂ ਅਤੇ ਪਤਵੰਤਿਆਂ ਵਲੋਂ ਸ਼੍ਰੀ ਰਤਨ ਲਾਲ ਸਾਂਪਲਾ ਜੀ ਦੇ ਸਦੀਵੀ ਵਿਛੋੜੇ ਕਾਰਨ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸਤਿਕਾਰਯੋਗ ਬਾਪੂ ਸ਼੍ਰੀ ਰਤਨ ਲਾਲ ਸਾਂਪਲਾ ਜੀ ਇੰਗਲੈਂਡ ਵਿੱਚ 17 ਮਈ 2025 ਨੂੰ ਸਵੇਰੇ ਵੇਲੇ ਇਸ ਫਾਨੀ ਦੁਨੀਆਂ ਤੋਂ ਰੁਖਸਤ ਹੋ ਗਏ ਸਨ। ਇਹ ਖਬਰ ਸੁਣਦਿਆਂ ਹੀ ਅੰਬੇਡਕਰੀ ਵਿਚਾਰਧਾਰਾ ਵਾਲੇ ਬੁੱਧੀਜੀਵੀਆਂ ਨੂੰ ਭਾਰੀ ਸਦਮਾ ਲੱਗਿਆ। ਉਸੇ ਟਾਈਮ ਤੋਂ ਬੁੱਧ ਵਿਹਾਰ ਟਰੱਸਟ (ਰਜਿ) ਸੋਫੀ ਪਿੰਡ ਦੇ ਜਨਰਲ ਸਕੱਤਰ ਐਡਵੋਕੇਟ ਹਰਭਜਨ ਸਾਂਪਲਾ, ਚਮਨ ਸਾਂਪਲਾ, ਨਰੇਸ਼ ਸਾਂਪਲਾ ਕੋਲ ਦੁੱਖ ਪ੍ਰਗਟ ਕਰਨ ਲਈ ਬੁੱਧ ਵਿਹਾਰ, ਸੋਫੀ ਪਿੰਡ ਪਹੁੰਚੇ।





ਅੱਜ ਐਤਵਾਰ ਸਵੇਰੇ 7 ਵਜੇ ਤੋਂ ਹੀ ਬੁੱਧੀਜੀਵੀਆਂ ਦਾ ਇੱਥੇ ਪਹੁੰਚਣਾ ਸ਼ੁਰੂ ਹੋ ਗਿਆ ਸੀ। ਜਿਨ੍ਹਾਂ ਨੇ ਆਪਣੇ ਵਿਛੜੇ ਬਜ਼ੁਰਗ ਨੇਤਾ ਸਤਿਕਾਰਯੋਗ ਸ੍ਰੀ ਰਤਨ ਲਾਲ ਸਾਂਪਲਾ ਜੀ ਨੂੰ ਯਾਦ ਕੀਤਾ। ਬੁੱਧੀਜੀਵੀਆਂ ਨੇ ਉਹਨਾਂ ਦੁਆਰਾ ਸਥਾਪਿਤ ਬੁੱਧ ਵਿਹਾਰ, ਗਰੀਬ ਤੇ ਲਚਾਰ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਦੇਣ ਦੇ ਕਾਰਜ, ਗਰੀਬ ਧੀਆਂ ਦੇ ਸਮੂਹਿਕ ਵਿਆਹ ਕਰਨ ਦੇ ਉਪਰਾਲੇ, ਪਿੰਡ ਵਿੱਚ ਸਰਕਾਰੀ ਸਕੂਲ ਖੁਲਵਾਉਣ ਵਾਲੇ ਨੇਕ ਕੰਮਾਂ ਬਾਰੇ ਚਰਚਾ ਕੀਤੀ ਅਤੇ ਬਾਪੂ ਜੀ ਦਾ ਕੋਟਿਨ ਕੋਟਿ ਧੰਨਵਾਦ ਕਰਦਿਆਂ ਉਹਨਾਂ ਨੂੰ ਯਾਦ ਕੀਤਾ। ਇਹ ਸਿਲਸਿਲਾ ਸ਼ਾਮ 8 ਵਜੇ ਤੱਕ ਚੱਲਦਾ ਰਿਹਾ। ਬੁੱਧੀਜੀਵੀਆਂ ਨੇ ਇਹ ਵੀ ਕਿਹਾ ਕਿ ਸ਼੍ਰੀ ਰਤਨ ਲਾਲ ਸਾਂਪਲਾ ਜੀ ਦੇ ਪਰਿਵਾਰ ਸਖੀ ਸਾਂਪਲਾ (ਬੇਟਾ) ਅਤੇ ਸ਼੍ਰੀਮਤੀ ਕਸ਼ਮੀਰ ਕੌਰ ਸਾਂਪਲਾ (ਨੂੰਹ) ਨੇ ਬਜ਼ੁਰਗਾਂ ਦੀ ਬਹੁਤ ਸੇਵਾ ਕੀਤੀ। ਉਹਨਾਂ ਨੂੰ ਸਮੇਂ-ਸਮੇਂ ਸਿਰ ਦਵਾਈ ਦਿੰਦੇ ਰਹੇ। ਉਨਾਂ ਦੀ ਪੂਰੀ ਦੇਖ ਭਾਲ ਅਤੇ ਸੰਭਾਲ ਕੀਤੀ, ਕਿਉਂਕਿ ਉਹ ਕਾਫੀ ਲੰਬੇ ਸਮੇਂ ਤੋਂ ਬੈਡ ਰੈਸਟ 'ਤੇ ਸਨ। ਬੁੱਧੀਜੀਵੀਆਂ ਵਿੱਚ ਗੁਰਮੀਤ ਸਾਂਪਲਾ, ਸੰਤੋਸ਼ ਕੁਮਾਰੀ ਸਾਂਪਲਾ, ਪ੍ਰਿੰਸੀਪਲ ਤਾਰਾ ਸਿੰਘ, ਡਾਕਟਰ ਗੁਰ-ਪਾਲ ਚੌਹਾਨ, ਡਾਕਟਰ ਕੇਸਰ, ਡਾਕਟਰ ਜਸਵੰਤ ਜੀ, ਡਾਕਟਰ ਅਵਿਨਾਸ਼, ਪ੍ਰਦੀਪ ਕੁਮਾਰ ਪ੍ਰਧਾਨ ਗੁਰੂ ਰਵਿਦਾਸ ਸਭਾ ਸੋਫੀ ਪਿੰਡ, ਮਾਸਟਰ ਰਾਮ ਲਾਲ, ਲੈਂਬਰ ਬੰਗੜ, ਨੰਬਰਦਾਰ ਰੂਪ ਲਾਲ ਦਾ ਪਰਿਵਾਰ -ਪਰਵੀਨ ਕੁਮਾਰੀ ਪਿੰਡ ਬੰਬੀਆਂ, ਮਾਸਟਰ ਹਰਜਿੰਦਰ, ਸ਼ਿੰਗਾਰਾ ਰਾਮ ਸਾਬਕਾ ਸਰਪੰਚ, ਰੇਸ਼ਮ ਲਾਲ ਸਾਬਕਾ ਸਰਪੰਚ ਸੋਫੀ ਪਿੰਡ, ਰਾਜੇਸ਼ ਕੁਮਾਰ ਸਾਂਪਲਾ (ਗਰੀਸ) , ਨਿਰਮਲ ਕੁਮਾਰ ਸਾਂਪਲਾ, ਰੂਪ ਲਾਲ ਸਾਪਲਾ, ਜਸਵੰਤ ਰਾਏ ਸਾਂਪਲਾ, ਤੁਲਸੀ ਦਾਸ ਸਾਂਪਲਾ, ਦੇਵ ਰਾਜ ਸਾਂਪਲਾ, ਬਰਕੇਤ ਚੰਦ ਸਾਂਪਲਾ, ਗੁਰਪਾਲ, ਲਾਲ ਚੰਦ ਸਾਂਪਲਾ, ਗੌਤਮ ਸਾਂਪਲਾ, ਮਨਜੀਤ ਕੌਰ ਸਾਂਪਲਾ, ਕਾਂਤਾ ਸਾਂਪਲਾ, ਸੱਤਿਆ, ਕਵਿਤਾ ਢੰਡਾ, ਰੇਸ਼ਮੋ, ਕੁਲਵਿੰਦਰ, ਕਮਲੇਸ਼, ਰਾਣੀ, ਸੁਰਿੰਦਰ ਕੌਰ, ਜੋਤੀ, ਸ਼ਕੁੰਤਲਾ, ਰੱਜਤ ਅਤੇ ਹੋਰ ਬਹੁਤ ਸਾਰੇ ਨਗਰ ਨਿਵਾਸੀ ਸ਼ਾਮਿਲ ਹੋਏ। ਉਹਨਾਂ ਬਾਪੂ ਜੀ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ।ਇੰਗਲੈਂਡ ਤੋਂ ਆਏ ਲਾਲ ਚੰਦ ਬੰਗੜ (ਲਾਲੀ) ਨੇ ਕਿਹਾ ਕਿ ਸ੍ਰੀ ਰਤਨ ਲਾਲ ਸਾਂਪਲਾ ਜੀ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੂੰ ਇੰਨੇ ਸਮਰਪਿਤ ਸਨ ਕਿ ਉਹਨਾਂ ਦੇ ਹਰ ਸਾਹ ਵਿੱਚੋਂ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ ਨਾਮ ਨਿਕਲਦਾ ਸੀ। ਪਿਛਲੇ ਚਾਰ ਪੰਜ ਸਾਲਾਂ ਤੋਂ ਹੀ ਮੈਨੂੰ ਉਨਾਂ ਦੀ ਰਹਿਨੁਮਾਈ ਹੇਠ ਸਮਾਜ ਦੀ ਸੇਵਾ ਕਰਨ ਦਾ ਮੌਕਾ ਮਿਲਿਆ।



ਇਹਨਾਂ ਤੋਂ ਇਲ-ਾਵਾ ਸ਼ੋਕ ਸੁਨੇਹਿਆਂ ਵਿੱਚ ਚਰਨ ਦਾਸ ਸੰਧੂ ਪ੍ਰਧਾਨ ਡਾਕਟਰ ਅੰਬੇਡਕਰ ਮਿਸ਼ਨ ਸੋਸਾਇਟੀ ਜਲੰਧਰ, ਬਲਦੇਵ ਭਾਰਦਵਾਜ ਜਨਰਲ ਸਕੱਤਰ, ਡਾਕਟਰ ਜੀ.ਸੀ. ਕੌਲ, ਪ੍ਰੋਫੈਸਰ ਬਲਵੀਰ, ਹੁਸਨ ਲਾਲ ਬੋਧ ਸਿਧਾਰਥ ਨਗਰ, ਚੰਚਲ ਬੋਧ, ਬਲਦੇਵ ਜੱਸਲ ਮਕਸੂਦਾਂ, ਐਡਵੋਕੇਟ ਕੁਲਦੀਪ ਭੱਟੀ ਫਗਵਾੜਾ, ਐਡਵੋਕੇਟ ਦੀਪਕ, ਭੰਤੇ ਚੰਦਰ ਕੀਰਤੀ, ਭੰਤੇ ਪੂਰਨਿਮਾ ਦਿੱਲੀ, ਹਰਮੇਸ਼ ਜੱਸਲ, ਪ੍ਰਿੰਸੀਪਲ ਪਰਮਜੀਤ ਜੱਸਲ, ਸ਼ਾਮ ਲਾਲ ਜੱਸਲ, ਸਤਵਿੰਦਰ ਮਡਾਰ, ਡਾ. ਉਦੈ ਗੌਤਮ ਆਦਿ ਵਲੋਂ ਵੀ ਸ਼੍ਰੀ ਰਤਨ ਲਾਲ ਸਾਂਪਲਾ ਜੀ ਦੇ ਸਦੀਵੀ ਵਿਛੋੜੇ 'ਤੇ ਦੁੱਖ ਪ੍ਰਗਟ ਕੀਤਾ ਗਿਆ। ਵਿਦੇਸ਼ਾਂ ਤੋਂ ਫੋਨਾਂ ਰਾਹੀਂ ਐਡਵੋਕੇਟ ਹਰਭਜਨ ਸਾਂਪਲਾ ਨਾਲ ਸ੍ਰੀ ਰਤਨ ਸਾਂਪਲਾ ਜੀ ਦੇ ਸਦੀਵੀ ਵਿਛੋੜੇ ਦਾ ਦੁੱਖ ਸਾਂਝਾ ਕੀਤਾ ਗਿਆ। ਜਿਨਾਂ ਵਿੱਚ ਸੋਹਨ ਲਾਲ ਸਾਂਪਲਾ, ਪ੍ਰਧਾਨ ਡਾਕਟਰ ਅੰਬੇਡਕਰ ਮਿਸ਼ਨ ਸੋਸਾਇਟੀ ਜਰਮਨੀ, ਡਾਕਟਰ ਹਰਬੰਸ ਬਿਰਦੀ ਯੂਕੇ, ਰਾਮ ਪਾਲ ਰਾਹੀ ਯੂਕੇ, ਮਨੋਹਰ ਵਿਰਦੀ ਯੂਕੇ, ਲੇਖ ਰਾਜ ਕਲੇਰ, ਇੰਗਲੈਂਡ, ਮਹਿੰਦਰ ਪਾਲ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਬਰਮਿੰਘਮ ਟੈਂਪਲ ਅਤੇ ਹੋਰ ਆਦਿ। ਬਿਸ਼ਨ ਦਾਸ ਬੈਂਸ ਸਾਬਕਾ ਮੇਅਰ ਵੁਲਵਰਹੈਂਪਟਨ ਯੂਕੇ ਵੱਲੋਂ ਕਾਂਸ਼ੀ ਟੀਵੀ 'ਤੇ ਸ਼੍ਰੀ ਰਤਨ ਲਾਲ ਸਾਂਪਲਾ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਤੇ ਕਿਹਾ ਕਿ ਮੈਨੂੰ 14 ਅਪ੍ਰੈਲ 2025 ਬਾਬਾ ਸਾਹਿਬ ਜੀ ਦੇ ਜੈਅੰਤੀ ਸਮਾਰੋਹ ਤੇ ਮੁੱਖ ਮਹਿਮਾਨ ਵਜੋਂ ਰਤਨ ਲਾਲ ਸਾਂਪਲਾ ਜੀ ਵੱਲੋਂ ਸਥਾਪਿਤ ਬੁੱਧ ਵਿਹਾਰ ਸੋਫੀ ਪਿੰਡ ਜਾਣ ਦਾ ਮੌਕਾ ਮਿਲਿਆ। ਉੱਥੇ ਦਾਨੀ ਸੱਜਣਾਂ ਦੀਆਂ ਲਿਸਟਾਂ ਲੱਗੀਆਂ ਹੋਈਆਂ ਹਨ। ਰਤਨ ਲਾਲ ਸਾਂਪਲਾ ਜੀ ਦੀਆਂ ਫੋਟੋ ਅਤੇ ਬੁੱਧ ਵਿਹਾਰ 'ਤੇ ਉਹਨਾਂ ਦਾ ਨਾਂ ਲਿਖਿਆ ਹੋਇਆ ਹੈ। ਪ੍ਰਬੰਧ ਬਹੁਤ ਵਧੀਆ ਚੱਲ ਰਿਹਾ ਹੈ। ਐਡਵੋਕੇਟ ਹਰਭਜਨ ਸਾਂਪਲਾ ਜਨਰਲ ਸਕੱਤਰ ਬੁੱਧ ਵਿਹਾਰ ਟਰੱਸਟ (ਰਜਿ) ਸੋਫੀ ਪਿੰਡ ਨੇ ਬੁੱਧੀਜੀਵੀਆਂ, ਸਮਰਥਕਾਂ, ਆਗੂਆਂ, ਨਗਰ ਨਿਵਾਸੀਆਂ ਅਤੇ ਪਤਵੰਤਿਆਂ ਦਾ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਾਰਿਆਂ ਦਾ ਧੰਨਵਾਦ ਕੀਤਾ ਹੈ ਅਤੇ ਭਰੇ ਮਨ ਨਾਲ ਕਿਹਾ ਕਿ ਚਾਚਾ ਜੀ, ਸ਼੍ਰੀ ਰਤਨ ਲਾਲ ਸਾਂਪਲਾ ਜੀ ਸਮਾਜ ਨੂੰ ਹਮੇਸ਼ਾ ਚੜ੍ਹਦੀ ਕਲਾ ਵਿਚ ਦੇਖਣਾ ਚਾਹੁੰਦੇ ਸਨ। ਇਸੇ ਲਈ ਉਹਨਾਂ ਨੇ ਸਮਾਜ ਭਲਾਈ ਦੇ ਕੰਮਾਂ ਨੂੰ ਪਹਿਲ ਦਿੱਤੀ। ਉਨਾਂ ਦੇ ਜਾਣ ਨਾਲ, ਜੋ ਘਾਟਾ ਸਮਾਜ ਨੂੰ ਪਿਆ ਹੈ, ਉਹ ਕਦੇ ਪੂਰਾ ਨਹੀਂ ਹੋਵੇਗਾ। ਉਨਾਂ ਦੁਆਰਾ ਆਰੰਭੇ ਕਾਰਜਾਂ ਨੂੰ ਬਰਕਰਾਰ ਰੱਖਣ ਲਈ ਸਾਨੂੰ ਸਭ ਨੂੰ ਇੱਕਮੁੱਠ ਹੋ ਕੇ ਪੂਰਾ ਕਰਨਾ ਹੋਏਗਾ। ਇਹੀ ਉਹਨਾਂ ਦੀ ਦਿਲੀ ਇੱਛਾ ਸੀ ਕਿ ਇੱਕਜੁੱਟ ਹੋ ਕੇ ਹਰੇਕ ਕਾਰਜ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ।

# ਕੈਬਨਿਟ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਸਰਕਾਰੀ ਮਿਡਲ ਸਕੂਲ ਤੇੜਾ ਕਲਾਂ ਦੇ ਨਵੇਂ ਉਸਾਰੇ ਕਮਰੇ ਦਾ ਉਦਘਾਟਨ

**ਸ੍ਰੀ ਅਮ੍ਰਿਤਸਰ ਸਾਹਿਬ (ਜਪਰੈਨ ਸਿੰਘ)** ਸਰਹੱਦੀ ਖੇਤਰ ਦੇ ਪਿੰਡ ਤੇੜਾ ਕਲਾ ਦੇ ਸਰਕਾਰੀ ਮਿਡਲ ਸਕੂਲ ਵਿਖੇ ਸਿੱਖਿਆ ਕ੍ਰਾਂਤੀ ਦੇ ਤਹਿਤ ਮਿਤੀ 17/5/2025 ਨੂੰ ਸ ਕੁਲਦੀਪ ਸਿੰਘ ਧਾਲੀਵਾਲ ਜੀ ਕੈਬਨਿਟ ਮੰਤਰੀ ਪੰਜਾਬ ਸਰਕਾਰ ਦੁਆਰਾ ਨਵੇਂ ਉਸਾਰੇ ਗਏ ਅਤੀ ਆਧੁਨਿਕ ਕਮਰੇ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਸਕੂਲ ਵਿੱਚ ਇਕ ਸਾਧਾ ਪ੍ਰੋਗਰਾਮ ਉਲੀਕਿਆ ਗਿਆ ਸੀ ਅਤੇ ਸਕੂਲ ਇੰਚਾਰਜ ਸ੍ਰੀ ਮਤੀ ਹਰਜੀਤ ਕੌਰ ਜੀ ,ਪ੍ਰਿੰਸੀਪਲ ਸ ਗੁਰਪ੍ਰਕਾਸ਼ ਸਿੰਘ, ਪ੍ਰਿੰਸੀਪਲ ਸ੍ਰੀ ਸੁਰੇਸ਼ ਜੀ,ਲੈਕਚਰਾਰ ਸ ਰਣਜੀਤ ਸਿੰਘ, ਐਸ.ਐਮ.ਸੀ ਕਮੇਟੀ, ਪੰਚਾਇਤ ਤੇੜਾ ਕਲਾਂ ਦੇ ਸਰਪੰਚ ਬੱਬੂ ਜੀ ਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਤੇ ਪਤਵੰਤੇ ਸੱਜਣਾਂ ਵਲੋਂ ਮੰਤਰੀ ਸਾਹਿਬ ਸ ਕੁਲਦੀਪ ਸਿੰਘ ਧਾਲੀਵਾਲ ਜੀ ਦਾ ਸਵਾਗਤ ਗੁਲਦਸਤਾ ਭੇਟ ਕਰਕੇ ਕੀਤਾ ਗਿਆ । ਸਤਿਕਾਰਯੋਗ ਮੰਤਰੀ ਸਾਹਿਬ ਨੇ ਉਦਘਾਟਨ ਕਰਨ ਉਪਰੰਤ ਬੱਚਿਆਂ ਨੂੰ ਸੰਬੋਧਨ ਕਰਦਿਆਂ ਸਖਤ ਮਿਹਨਤ ਕਰਕੇ ਜ਼ਿੰਦਗੀ ਵਿੱਚ ਚੰਗਾ ਮੁਕਾਮ ਹਾਸਿਲ ਕਰਨ ਲਈ ਪ੍ਰੇਰਿਤ ਕੀਤਾ।ਮੰਤਰੀ ਸਾਹਿਬ ਨੇ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੂੰ ਇਨਾਮ ਵਿਤਰਤ ਕੀਤੇ ਅਤੇ ਸਕੂਲ ਵਿੱਚ ਇੰਟਰਲਾਕ ਟਾਇਲਾਂ ਲਈ ਪੰਜ ਲੱਖ ਦੀ ਗ੍ਰਾਂਟ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਸਕੂਲ ਐਸ ਐਮ ਸੀ ਕਮੇਟੀ , ਸਕੂਲ ਇੰਚਾਰਜ ਸ੍ਰੀ ਮਤੀ ਹਰਜੀਤ ਕੌਰ ਤੇ ਪਿੰਡ ਦੀ ਪੰਚਾਇਤ ਵਲੋਂ ਕੈਬਨਿਟ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਜੀ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਕੇ ਧੰਨਵਾਦ ਕੀਤਾ ਗਿਆ।



# ਭਾਰਤ ਦਾ ਗੌਰਵਮਈ ਅਜੇਤੂ ਪਹਿਲਾ ਸਮੁੰਦਰੀ ਕਿਲ੍ਹਾ : ਮੂਰੂੜ ਜੰਜੀਰਾ



ਕਿਲ੍ਹੇ ਕਿਸੇ ਵੀ ਰਾਜ ਦਾ ਆਧਾਰ ਸਤੰਭ ਹੁੰਦੇ ਸਨ। ਕਿਸੇ ਰਾਜ ਦੀ ਰਾਜ - ਸ਼ਕਤੀ ਅਤੇ ਮਹਾਨਤਾ ਨੂੰ ਉੱਥੋਂ ਦੇ ਕਿਲ੍ਹਿਆਂ ਅਨੁਸਾਰ ਜਾਣਿਆ ਜਾਂਦਾ ਸੀ। ਕਿਲ੍ਹੇ ਸਾਡੇ ਇਤਿਹਾਸ , ਯੁੱਧਾਂ , ਹਮਲਿਆਂ , ਸ਼ਾਨ , ਰਾਜਸੀ ਤਾਕਤ ਤੇ ਸਮ੍ਰਿੱਧੀ ਦਾ ਪ੍ਰਤੀਕ ਰਹੇ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਹਨਾਂ ਕਿਲ੍ਹਿਆਂ ਤੋਂ ਰਾਜਿਆਂ ਤੇ ਰਾਜਸੀ ਪਰਿਵਾਰਾਂ ਦਾ ਅਧਿਕਾਰ ਖਤਮ ਹੋਣ ਤੋਂ ਬਾਅਦ ਇਹਨਾਂ ਕਿਲ੍ਹਿਆਂ ਦਾ ਪ੍ਰਬੰਧ ਦੇਸ਼ ਦੀ ਸਰਕਾਰ ਤੇ ਪੁਰਾਤੱਤਵ ਵਿਭਾਗ ਕੋਲ਼ ਚਲਾ ਗਿਆ। ਭਾਵੇਂ ਅੱਜ ਦੇਖ - ਰੇਖ ਅਤੇ ਮਨੁੱਖ ਦਾ ਉੱਥੇ ਰਹਿਣ - ਸਹਿਣ ਨਾ ਹੋਣ ਕਰਕੇ ਬਹੁਤ ਸਾਰੇ ਕਿਲ੍ਹੇ ਖੰਡਰ ਬਣ ਚੁੱਕੇ ਹਨ , ਪਰ ਇਹਨਾਂ ਵਿਸ਼ਾਲ ਤੇ ਆਪਣੇ ਸਮਿਆਂ ਵਿੱਚ ਜਮਾਨੇ ਦੇ ਉਸ ਦੌਰ ਸਮੇਂ ਆਪਣੀ ਵਿਲੱਖਣ ਪਹਿਚਾਣ ਤੇ ਖਾਸੀਅਤ ਰੱਖਣ ਵਾਲੇ ਗੌਰਵਸ਼ਾਲੀ ਕਿਲ੍ਹਿਆਂ ਦੀ ਦੁਨੀਆ ਭਰ ਵਿੱਚ ਅੱਜ ਵੀ ਬਹੁਤ ਅਹਿਮੀਅਤ ਹੈ ਅਤੇ ਸਾਡੇ ਦੇਸ਼ ਦੇ ਇਹ ਕਿਲ੍ਹੇ ਅੱਜ ਵੀ ਆਪਣੇ ਅੰਦਰ ਆਪਣੀ ਮਹਾਨਤਾ ਸਮੇਟੇ ਹੋਏ ਹਨ। ਕਿਲ੍ਹਿਆਂ ਨੂੰ ਆਮ ਤੌਰ 'ਤੇ ਚਾਰ ਕਿਸਮਾਂ ਵਿੱਚ ਵੰਡਿਆ ਗਿਆ ਹੈ : ਜਲ ਕਿਲ੍ਹੇ , ਪਹਾੜੀ ਕਿਲ੍ਹੇ , ਧਨਵ ਭਾਵ ਦਲਦਲ ਤੇ ਮਾਰੂ ਭੂਮੀ ਵਿੱਚ ਸਥਿਤ ਕਿਲ੍ਹੇ , ਵਣ ਕਿਲ੍ਹੇ , ਭਾਵ ਸੰਘਣੇ ਜੰਗਲਾਂ ਵਿੱਚ ਸਥਿਤ ਕਿਲ੍ਹੇ। ਇਹਨਾਂ ਵਿੱਚੋਂ ਜਲ ਅਤੇ ਪਹਾੜੀ ਕਿਲ੍ਹਿਆਂ ਨੂੰ ਜਿਆਦਾ ਪ੍ਰਭਾਵਸ਼ਾਲੀ , ਸੁਰੱਖਿਅਤ ਤੇ ਅਹਿਮ ਮੰਨਿਆ ਗਿਆ ਹੈ। ਜਲ ਕਿਲ੍ਹਿਆਂ ਵਿੱਚੋਂ ਭਾਰਤ ਦਾ ਪਹਿਲਾ ਗੌਰਵਮਈ ਅਜੇਤੂ ਸਮੁੰਦਰੀ ਕਿਲ੍ਹਾ ਹੈ - ਮੂਰੂੜ ਜੰਜੀਰਾ। ਇਹ ਸਮੁੰਦਰੀ ਕਿਲ੍ਹਾ ਭਾਰਤ ਦੇ ਮਹਾਨ ਗੌਰਵਸ਼ਾਲੀ ਰਾਜ ਮਹਾਰਾਸ਼ਟਰ ਦੀ ਰਾਜਧਾਨੀ ਮੁੰਬਈ ਤੋਂ 165 ਕਿਲੋਮੀਟਰ ਦੱਖਣ ਵੱਲ ਰਾਏਗੜ੍ਹ ਜ਼ਿਲ੍ਹੇ ਦੇ ਮੂਰੂੜ ਬੰਦਰਗਾਹ ਕੋਲ ਇੱਕ ਚੱਟਾਨੀ ਦੀਪ 'ਤੇ ਸਥਿਤ ਹੈ। ਰਾਏਗੜ੍ਹ ਸ਼ਿਵਾਜੀ ਮਰਾਠਾ ਦੇ ਰਾਜ ਦੀ ਰਾਜਧਾਨੀ ਸੀ , ਜੋ ਇਸ ਕਿਲ੍ਹੇ ਤੋਂ ਮਹਿਜ 30 ਕਿਲੋਮੀਟਰ ਦੂਰ ਸੀ। ਦੱਸਿਆ ਜਾਂਦਾ ਹੈ ਕਿ 15 ਵੀਂ ਸਦੀ ਵਿੱਚ ਰਾਮਾਉ ਨਾਂ ਦੇ ਇੱਕ ਮਛਵਾਰੇ ਨੇ ਇੱਥੇ ਚੱਟਾਨੀ ਦੀਪ 'ਤੇ ਲੱਕੜੀ ਦਾ ਇੱਕ ਕਿਲ੍ਹਾ ਬਣਾਇਆ ਸੀ ਅਤੇ ਫਿਰ ਅਹਿਮਦਨਗਰ ਦੇ ਨਿਜ਼ਾਮਸ਼ਾਹ ਦੇ ਸੈਨਾਪਤੀ ਪੀਰਖਾਨ ਨੇ ਇਸ 'ਤੇ ਕਬਜ਼ਾ ਕਰਦੇ ਹੋਏ ਇੱਥੇ ਇੱਕ ਕਿਲ੍ਹਾ ਬਣਵਾਇਆ। ਉਸਨੇ ਇਸ ਸਮੁੰਦਰੀ ਕਿਲ੍ਹੇ ਦਾ ਨਾਂ " ਜਜੀਰਾ ਮਹਿਰੂਬਾ " ਰੱਖਿਆ , ਜਿਸ ਦਾ ਭਾਵ ਸੀ : ਪਿਆਰਾ ਦੀਪ/ਟਾਪੂ। ਬਾਅਦ ਵਿੱਚ ਨਿਜਾਮਸ਼ਾਹ ਨੇ ਆਪਣੇ ਸਿੱਦੀ ਵਜ਼ੀਰ ਮਲਿਕ ਅੰਬਰ ਨੂੰ ਇਹ ਕਿਲ੍ਹਾ ਸੰਨ 1617 ਈਸਵੀ ਵਿੱਚ ਦਿੱਤਾ। ਫਿਰ ਸਿੱਦੀ ਇਸ ਸਮੁੰਦਰੀ ਕਿਲ੍ਹੇ ਦੇ ਮਾਲਿਕ ਬਣ ਗਏ। ਦੱਸਣਯੋਗ ਹੈ ਕਿ ਸਿੱਦੀ/ਸੱਯਦ ਉਹ ਲੋਕ ਸਨ , ਜੋ ਵੀਹਵੀਂ ਸਦੀ ਵਿੱਚ ਇਸਲਾਮ ਧਰਮ ਕਬੂਲ ਕਰਕੇ ਪੱਛਮੀ ਤੱਟ 'ਤੇ ਪਹੁੰਚੇ ਸਨ। ਇਹ ਸਫਲ ਵਪਾਰੀ ਤੇ ਸਾਹਸੀ ਲੋਕ ਸਨ ਤੇ ਇਹ ਲੋਕ ਮਸਾਲਿਆਂ ਦਾ ਵਪਾਰ ਕਰਦੇ ਸੀ। ਸਿੱਦੀਆਂ ਨੇ ਇਸ ਕਿਲ੍ਹੇ ਦੀ ਮਜਬੂਤ ਕਿਲ੍ਹੇਬੰਦੀ ਕੀਤੀ। ਇਸ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਸਮੁੰਦਰੀ ਫੌਜ ਦਾ ਅੱਡਾ ਬਣਾ ਦਿੱਤਾ। ਫਿਰ ਲਗਭਗ 350 ਸਾਲਾਂ ਤੱਕ ਇਸ ਕਿਲ੍ਹੇ 'ਤੇ ਸਿੱਦੀਆਂ ਦਾ ਹੀ ਕਬਜ਼ਾ ਰਿਹਾ ਤੇ 1947 ਤੱਕ ਪੁਰਤਗਾਲੀ , ਡੱਚ , ਅੰਗਰੇਜ਼ , ਫਰਾਂਸੀਸੀ , ਮੁਗਲ ਕੋਈ ਵੀ ਇਸ ਕਿਲ੍ਹੇ 'ਤੇ ਕਬਜ਼ਾ ਨਹੀਂ ਕਰ ਸਕੇ। ਦੇਸ਼ ਦੇ ਆਜ਼ਾਦ ਹੋਣ ਤੱਕ ਇਸ ਮੂਰੂੜ ਜੰਜੀਰਾ ਕਿਲ੍ਹੇ 'ਤੇ ਸਿੱਦੀਆਂ ਦਾ ਰਾਜ ਕਾਇਮ ਰਿਹਾ। ਮੁਰੂੜ ਦੇ ਕੋਲ ਹੁਣ ਵੀ ਉਹਨਾਂ ਦਾ ਰਾਜ ਮਹਿਲ ਕਾਇਮ ਹੈ। ਸਮੁੰਦਰੀ ਕਿਲ੍ਹਾ ਮੂਰੂੜ ਜੰਜੀਰਾ ਤੱਕ ਪਹੁੰਚਣ ਲਈ ਲਗਭਗ ਇੱਕ ਕਿਲੋਮੀਟਰ ਸਮੁੰਦਰੀ ਮਾਰਗ ਤੈਅ ਕਰਨਾ ਪੈਂਦਾ ਹੈ। ਇਹ ਸਮੁੰਦਰੀ ਕਿਲ੍ਹਾ ਇੱਕ ਅੰਡਾਕਾਰ ਚੱਟਾਨੀ ਦੀਪ 'ਤੇ ਸਥਿਤ ਹੈ। ਇਸ ਦਾ ਮੁੱਖ ਦੁਆਰ ਪੂਰਬ ਦਿਸ਼ਾ ਵੱਲ ਦੋ ਬੁਰਜਾਂ ਵਿਚਕਾਰ ਬਣਿਆ ਹੋਇਆ ਹੈ , ਜੋ ਕਿ ਉਦੋਂ ਹੀ ਦਿਖਾਈ ਦਿੰਦਾ ਹੈ ਜਦੋਂ ਕਿਸ਼ਤੀ ਬਿਲਕੁਲ ਇਸ ਕਿਲ੍ਹੇ ਦੇ ਕੋਲ ਪਹੁੰਚ ਜਾਂਦੀ ਹੈ। ਇਸ ਦਰਵਾਜ਼ੇ ਦੇ ਦੋਨੋਂ ਪਾਸੇ ਹਾਥੀ ਨੂੰ ਬਾਘ ਦੇ ਪੰਜਿਆਂ ਵਿੱਚ ਜਕੜੇ ਹੋਏ ਪੱਥਰ ਦੀਆਂ ਆਕ੍ਰਿਤੀਆਂ ਉੱਭਰੀਆਂ ਹੋਈਆਂ ਹਨ। ਅਪਾਤਕਾਲ ਦੀ ਸਥਿਤੀ ਵਿੱਚ ਜਾਂ ਕਿਸੇ ਹਮਲੇ ਸਮੇਂ ਬਾਹਰ ਜਾਣ ਲਈ ਜਾਂ ਸਹਾਇਤਾ ਪ੍ਰਾਪਤ ਕਰਨ ਲਈ ਇਸ ਕਿਲ੍ਹੇ ਦੇ ਪੱਛਮ ਵੱਲ ਵੀ ਬਾਹਰ ਜਾਣ ਲਈ ਦਰਵਾਜ਼ਾ/ਰਸਤਾ ਬਣਾਇਆ ਹੋਇਆ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਕਿਲ੍ਹੇ ਦੇ ਬਾਹਰ ਜਾਣ ਲਈ ਸਮੁੰਦਰ ਦੇ ਹੇਠਾਂ ਵੀ ਇੱਕ ਗੁਫਾ ਕੱਢੀ ਗਈ ਸੀ ਤਾਂ ਜੋ ਕਿਸੇ ਮੁਸ਼ਕਿਲ ਸਮੇਂ ਰਾਜ - ਪਰਿਵਾਰ ਸੁਰੱਖਿਅਤ ਕਿਲ੍ਹੇ ਤੋਂ ਬਾਹਰ ਨਿਕਲ ਸਕੇ ਤੇ ਦੁਸ਼ਮਣ ਨੂੰ ਭਿਣਕ ਵੀ ਨਾ ਲੱਗੇ। ਇਸ ਕਿਲ੍ਹੇ ਦੀਆਂ ਤੋਪਾਂ ਬਹੁਤ ਉੱਤਮ ਦਰਜੇ ਦੀਆਂ ਸਨ। ਆਮ ਲੋਕਾਂ ਦਾ ਮੰਨਣਾ ਹੈ ਕਿ 1972 ਤੋਂ ਬਾਅਦ ਇੱਥੇ ਰਹਿਣ ਵਾਲੇ ਸਾਰੇ ਲੋਕ ਰੁਜ਼ਗਾਰ ਦੀ ਘਾਟ ਤੇ ਹੋਰ ਕਾਰਨਾਂ ਕਰਕੇ ਇਸ ਕਿਲ੍ਹੇ ਨੂੰ ਹਮੇਸ਼ਾ ਲਈ ਛੱਡ ਕੇ ਆਲ਼ੇ - ਦੁਆਲ਼ੇ ਚਲੇ ਗਏ। ਭਾਵੇਂ ਕਿ ਹੁਣ ਇਹ ਸਮੁੰਦਰੀ ਕਿਲ੍ਹਾ ਖੰਡਰ ਤੇ ਵਿਰਾਨ ਬਣ ਗਿਆ ਹੈ , ਪ੍ਰੰਤੂ ਆਪਣੇ ਸਮੇਂ ਦੌਰਾਨ ਇੱਥੇ ਮਸਜਿਦ , ਸ਼ਾਹੀ ਮਹਿਲ , ਸਕੂਲ , ਮਿੱਠੇ ਪਾਣੀ ਦੇ ਸਰੋਤ ਵੱਡੇ ਤਲਾਬ , ਮਕਾਨ , ਛੋਟੇ ਖੇਤ , ਇਸ਼ਨਾਨ ਘਰ ਆਦਿ ਸਨ। ਹੁਣ ਇਹ ਸਮੁੰਦਰੀ ਕਿਲ੍ਹਾ ਮੂਰੂੜ ਜੰਜੀਰਾ ਇੱਕ ਪ੍ਰਸਿੱਧ ਸੈਰਗਾਹ ਬਣ ਗਈ ਹੈ। ਬਹੁਤ ਸਾਰੇ ਸੈਲਾਨੀ ਇੱਥੇ ਜਾ ਕੇ ਜਿੱਥੇ ਵਿਸ਼ਾਲ ਸਮੁੰਦਰ ਦਾ ਅਨੰਦ ਮਾਣਦੇ ਹਨ , ਉੱਥੇ ਹੀ ਭਾਰਤ ਦੇ ਇਸ ਪਹਿਲੇ ਮਹਾਨ ਗੌਰਵਮਈ ਅਜੇਤੂ ਸਮੁੰਦਰੀ ਕਿਲ੍ਹੇ ਨੂੰ ਦੇਖ ਕੇ ਇੱਕ ਵੱਖਰਾ ਅਨੰਦ , ਅਨੁਭਵ ਤੇ ਅਲੌਕਿਕ ਦਿੱਖ ਦਾ ਤੇ ਬੀਤੇ ਇਤਿਹਾਸ ਦਾ ਗਿਆਨ ਦੇਖ - ਸਮਝ ਕੇ ਆਪਣੇ ਦੇਸ਼ ਤੇ ਇਸਦੀ ਵਿਚਿੱਤਰਤਾ ਨੂੰ ਵੀ ਸਮਝਦੇ ਹਨ। ਇਹ ਵੀ ਸੋਚਣ - ਸਮਝਣ ਵਾਲੀ ਗੱਲ ਹੈ ਕਿ ਉਸ ਸਮੇਂ ਇੱਥੇ ਰਹਿਣ ਵਾਲ਼ੇ ਹਰ ਆਮ - ਖਾਸ ਲੋਕ ਰਾਤ ਸਮੇਂ ਕਿਵੇਂ ਸ਼ਾਂਤਮਈ ਢੰਗ ਨਾਲ ਰੰਗ - ਬਿਰੰਗੇ ਆਕਾਸ਼ , ਟਿਮਟਿਮਾਉਂਦੇ ਤਾਰਿਆਂ , ਚੰਨ , ਰੁਮਕਦੀਆਂ ਹਵਾਵਾਂ ਅਤੇ ਵਿਸ਼ਾਲ ਸਮੁੰਦਰ ਤੇ ਉਸਦੀਆਂ ਲਹਿਰਾਂ ਦਾ ਦੇਖ - ਸੁਣ ਕੇ ਤੇ ਅਨੁਭਵ ਕਰਦੇ ਹੋਏ ਕਿੰਨਾ ਅਨੰਦ ਮਾਣਦੇ ਹੋਣਗੇ। ਅੱਜ ਕਿਲ੍ਹਾ ਮੂਰੂੜ ਜੰਜੀਰਾ ਸੱਚਮੁੱਚ ਬਹੁਤ ਵਧੀਆ , ਵਿਲੱਖਣ ਤੇ ਕੁਦਰਤੀ ਦਿੱਖ ਵਾਲ਼ੀ ਸੈਰਗਾਹ ਹੈ , ਜੋ ਹਰ ਕਿਸੇ ਸੈਲਾਨੀ 'ਤੇ ਆਪਣੀ ਅਮਿੱਟ ਛਾਪ ਛੱਡਦਾ ਹੈ।



**ਸਟੇਟ ਐਵਾਰਡੀ , ਇੰਡੀਆ ਬੁੱਕ ਆਫ ਰਿਕਾਰਡਜ਼ ਹੋਲਡਰ , ਪ੍ਰਧਾਨ ਆਸਰਾ ਫਾਊਂਡੇਸ਼ਨ ਸ਼੍ਰੀ ਅਨੰਦਪੁਰ ਸਾਹਿਬ , ਜੁਆਇੰਟ ਸੈਕਟਰੀ ਅਲਾਇੰਸ ਕਲੱਬ ਇੰਨਟਰਨੈਸ਼ਨਲ ਸ਼੍ਰੀ ਅਨੰਦਪੁਰ ਸਾਹਿਬ , ਸੈਕਟਰੀ ਪੰਜਾਬ ਕੁਰੱਪਸ਼ਨ ਐਂਡ ਕ੍ਰਾਈਮ ਕੰਟਰੋਲ ਆਰਗੇਨਾਈਜੇਸ਼ਨ ਟਰੱਸਟ ਇੰਡੀਆ - ਮਾਸਟਰ ਸੰਜੀਵ ਧਰਮਾਣੀ**
**ਸ਼੍ਰੀ ਅਨੰਦਪੁਰ ਸਾਹਿਬ**
**9478561356**

# ਦਾਜ ਦੀ ਅਹਿਮੀਅਤ/ਮਿੰਨੀ ਕਹਾਣੀ

ਜਸਜੀਤ ਦੇ ਵਿਆਹ ਹੋਏ ਨੂੰ ਅਜੇ ਛੇ ਮਹੀਨੇ ਹੀ ਹੋਏ ਸਨ ਕਿ ਉਸ ਦੇ ਡੈਡੀ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਬੱਸ ਫਿਰ ਕੀ ਸੀ, ਉਸ ਦੀ ਸੱਸ ਨੇ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਉਸ ਦੇ ਕੀਤੇ ਕੰਮਾਂ ਵਿੱਚ ਨੁਕਸ ਕੱਢਣੇ ਸ਼ੁਰੂ ਕਰ ਦਿੱਤੇ। ਆਨੇ, ਬਹਾਨੇ ਵੱਧ, ਘੱਟ ਬੋਲਣਾ ਸ਼ੁਰੂ ਕਰ ਦਿੱਤਾ। ਉਹ ਚਾਹੁੰਦੀ ਸੀ ਕਿ ਉਹ ਉਸ ਤੋਂ ਜੁਦੀ ਹੋ ਕੇ ਰਹਿਣ ਲੱਗ ਪਵੇ। ਜਦ ਉਸ ਦੀ ਕੋਈ ਵਾਹ, ਪੇਸ਼ ਨਾ ਗਈ ਤਾਂ ਉਸ ਨੇ ਇਕ ਦਿਨ ਜਸਜੀਤ ਨੂੰ ਆਖ ਹੀ ਦਿੱਤਾ," ਤੂੰ ਲਖਵੀਰ ਨੂੰ ਲੈ ਕੇ ਜੁਦੀ ਹੋ ਜਾ। ਲਖਵੀਰ ਨੂੰ ਮੈਡੀਕਲ ਸਟੋਰ ਤੋਂ ਜਿਹੜਾ ਦਸ ਹਜ਼ਾਰ ਮਿਲਦਾ, ਉਸ ਨਾਲ ਘਰ ਦਾ ਗੁਜ਼ਾਰਾ ਚਲਾਣਾ ਬੜਾ ਔਖਾ ਆ।"

" ਮੰਮੀ, ਆਪਣੇ ਮੁੰਡੇ ਨੂੰ ਸ਼ਾਮ ਨੂੰ ਘਰ ਆ ਲੈਣ ਦੇ, ਫੇਰ ਜਿੱਦਾਂ ਮਰਜ਼ੀ ਕਰ



ਲਈਂ।" ਜਸਜੀਤ ਨੇ ਆਖਿਆ।

ਜਦੋਂ ਸ਼ਾਮ ਨੂੰ ਲਖਵੀਰ ਮੈਡੀਕਲ ਸਟੋਰ ਤੋਂ ਘਰ ਪਹੁੰਚਿਆ, ਤਾਂ ਜਸਜੀਤ ਨੇ ਸਾਰੀ ਗੱਲ ਉਸ ਨੂੰ ਦੱਸੀ। ਲਖਵੀਰ ਨੇ ਉਸ ਨੂੰ ਰਾਤ ਚੁੱਪ ਕਰਕੇ ਕੱਟਣ ਨੂੰ ਕਿਹਾ। ਸਵੇਰੇ ਉੱਠਦੇ ਸਾਰ ਉਹ ਆਪਣੀ ਮੰਮੀ ਕੋਲ ਗਿਆ ਤੇ ਆਖਿਆ," ਮੰਮੀ ਦੱਸ ਕੀ ਗੱਲ ਆ? ਕਿਉਂ ਤੂੰ ਜਸਜੀਤ ਨੂੰ ਵੱਧ, ਘੱਟ ਬੋਲਦੀ ਰਹਿੰਨੀ ਆਂ?"

ਲਖਵੀਰ ਦੀ ਮੰਮੀ ਪਹਿਲਾਂ ਹੀ ਇਹ ਮੌਕਾ ਟੋਲਦੀ ਸੀ, ਆਖਣ ਲੱਗੀ," ਵੇ ਕਾਕਾ, ਤੇਰੀ ਤੀਵੀਂ ਸਾਰੀ ਦਿਹਾੜੀ ਡੱਕਾ ਨ੍ਹੀ ਤੋੜਦੀ, ਵਿਹਲੀ ਬੈਠੀ ਰਹਿੰਦੀ ਆ। ਬੋਲਣਾ ਇਨ੍ਹੂੰ ਨ੍ਹੀ ਆਂਦਾ। ਇਨ੍ਹੂੰ ਇੱਥੋਂ ਲੈ ਕੇ ਚਲਾ ਜਾ। ਮੇਰੇ ਵਲੋਂ ਜਿੱਥੇ ਮਰਜ਼ੀ ਜਾ ਕੇ ਰਹਿ।"

" ਮੰਮੀ, ਕੀ ਇਹ ਤੇਰਾ ਆਖ਼ਰੀ ਫੈਸਲਾ ਆ?"

" ਹਾਂ, ਹਾਂ ਆਖ਼ਰੀ।"

ਲਖਵੀਰ ਨੇ ਮੈਡੀਕਲ ਸਟੋਰ ਦੇ ਮਾਲਕ ਨੂੰ ਸਾਰੀ ਗੱਲ ਟੈਲੀਫੋਨ ਤੇ ਦੱਸੀ। ਉਸ ਨੇ ਲਖਵੀਰ ਨੂੰ ਮਕਾਨ ਕਿਰਾਏ ਤੇ ਲੈ ਕੇ ਦੇ ਦਿੱਤਾ। ਜਸਜੀਤ ਦੇ ਮੰਮੀ, ਡੈਡੀ ਨੇ ਉਸ ਨੂੰ ਦਾਜ ਵਿੱਚ ਫਰਿੱਜ, ਟੈਲੀਵਿਜ਼ਨ, ਵਾਸ਼ਿੰਗ ਮਸ਼ੀਨ, ਅਲਮਾਰੀ, ਬੈੱਡ ਬੌਕਸ, ਗੱਦੇ, ਸੋਫਾ ਸੈੱਟ, ਸਲਾਈ ਮਸ਼ੀਨ, ਸਟੀਲ ਦੇ ਭਾਂਡੇ, ਕੁੱਕਰ, ਗੈਸ ਚੁੱਲ੍ਹਾ ਤੇ ਰਸੋਈ ਵਿੱਚ ਕੰਮ ਆਉਣ ਵਾਲਾ ਹੋਰ ਨਿੱਕਾ, ਮੋਟਾ ਸਾਮਾਨ ਦਿੱਤਾ ਸੀ। ਲਖਵੀਰ ਤੇ ਜਸਜੀਤ ਨੇ ਸਾਰਾ ਸਾਮਾਨ ਟਰੱਕ ਵਿੱਚ ਲਦਾ ਲਿਆ। ਉਹ ਦੋਵੇਂ ਜਣੇ ਸਕੂਟਰ ਤੇ ਬੈਠ ਕੇ ਟਰੱਕ ਦੇ ਅੱਗੇ, ਅੱਗੇ ਚੱਲ ਪਏ। ਅੱਜ ਜਸਜੀਤ ਨੂੰ ਉਸ ਦੇ ਮੰਮੀ, ਡੈਡੀ ਵਲੋਂ ਦਿੱਤੇ ਦਾਜ ਦੀ ਅਹਿਮੀਅਤ ਦਾ ਪਤਾ ਲੱਗ ਗਿਆ ਸੀ।




**ਮਹਿੰਦਰ ਸਿੰਘ ਮਾਨ**
**ਸਾਮ੍ਹਣੇ ਅੰਗਦ ਸਿੰਘ ਐੱਮ ਐੱਲ ਏ ਹਾਊਸ**
**ਕੈਨਾਲ ਰੋਡ**
**ਨਵਾਂ ਸ਼ਹਿਰ-144514**
**ਫੋਨ -9915803554**


# 1857 ਦਾ ਗ਼ਦਰ

ਜਮੁਨਾ ਨਦੀ ਪਾਰ ਦੇ, ਪੂਰਵੀ ਕਿਨਾਰੇ ਕੋਲ, ਟੋਲ-ਹਾਊਸ ਨੂੰ,ਅੱਗ ਲਾ ਕੇ ਲੁੱਟਿਆ। ਹਰਕਾਰੇ ਆ ਕੇ ਦੱਸਿਆ, ਬਹਾਦਰ ਸ਼ਾਹ ਨੂੰ, ਨੰਗੀਆਂ ਤਲਵਾਰਾਂ ਵਾਲੇ, ਭਾਰਤੀਆਂ ਨੇ ਟੋਲ ਅੱਗ ਲਾ ਕੇ ਫੂਕਿਆ। ਬਾਗੀਆਂ ਨੇ, ਸ਼ਾਮ 4 ਵਜੇ, ਮਿਲਣ ਦਾ ਸੁਨੇਹਾ ਭੇਜਿਆ। ਆਖਰੀ ਮੁਗਲ ਬਾਦਸ਼ਾਹ ਜ਼ਫ਼ਰ ਬੋਲਿਆ, "ਮੇਰੀ ਬੇਇਜ਼ਤੀ ਕਿਉਂ ਹੈ ਕੀਤੀ ਜਾ ਰਹੀ? ਜ਼ਿੰਦਗੀ ਦੇ ਆਖਰੀ ਦਿਨਾਂ ਚ ਮੇਰੇ ਪੱਲੇ ਕੀ ਹੈ ਪਿਆ।
ਗਦਰ 1857 ਦਾ...........!

"ਬਾਗੀ ਕਹਿੰਦੇ ਅਸ਼ੀਰਵਾਦ ਦਿਓ! ਅਸੀਂ ਤੁਹਾਨੂੰ ਕੁਝ ਨ੍ਹੀਂ ਕਹਿੰਦੇ, ਕੁਝ ਵੀ ਕਹੇ ਜ਼ਮਾਨਾ। ਬਾਦਸ਼ਾਹ ਉੱਤਰ ਦਿੱਤਾ,"ਮੇਰੇ ਕੋਲ ਨਾ ਕੋਈ ਪੈਸਾ, ਨਾ ਖਜ਼ਾਨਾ। ਬਹਾਦਰ ਸ਼ਾਹ ਦੇ ਵਿਰੋਧ ਦੇ ਬਾਵਜੂਦ, 12 ਮਈ1857 ਦੀ ਸਵੇਰ ਨੂੰ, ਗਦਰੀਆਂ 56 ਅੰਗਰੇਜ਼ ਔਰਤਾਂ ਤੇ ਬੱਚਿਆਂ ਦਾ ਬੇਰਹਿਮੀ ਨਾਲ ਕਤਲ ਸੀ ਕੀਤਾ।ਅੰਗਰੇਜ਼ ਸੈਨਿਕ, ਅੰਬਾਲੇ ਤੋਂ ਦਿੱਲੀ ਆਏ, ਇੱਕੋ ਮਹੱਲੇ ਵਿੱਚ ਹੀ,2400 ਲੋਕਾਂ ਦਾ ਕਤਲ ਕਰਕੇ, ਬਦਲਾ ਲੀਤਾ।
ਗਦਰ 1857 ਦਾ...............!

ਔਰਤਾਂ ਨੂੰ ਬਖਸ਼ਿਆ ਪਰ ਪਤੀਆਂ ਤੇ ਬੱਚਿਆਂ ਨੂੰ ਮਾਰ ਕੁਹਰਾਮ ਮਚਾਇਆ। ਵੀਹਵੀਂ ਸਦੀ ਦੇ ਅੰਤ ਤੱਕ, ਉਸ ਤੋਂ ਵੀ ਤਿੰਨ ਦਹਾਕੇ ਬਾਅਦ ਗਦਰ ਦਾ ਰਿਹਾ ਪਰਛਾਇਆ। ਭਾਰਤੀ ਜਨਤਾ, ਖਾਸ ਕਰ ਪੰਜਾਬੀਆਂ, ਲੁਕ-ਛਿਪ ਕੇ ਅੰਗਰੇਜ਼ਾਂ ਵਿਰੁੱਧ ਲਹਿਰ ਚਲਾਈ। ਜਦੋਂ ਤੱਕ ਆਜ਼ਾਦੀ ਨਾ ਮਿਲੀ, ਚੈਨ ਨਾ ਆਈ। ਅੰਗਰੇਜ਼ ਜਾਂਦੇ ਹੋਏ,ਭਾਰਤੀਆਂ ਨੂੰ ਨਾ ਚਾਹੁੰਦੇ ਹੋਏ ਵੀ ਫਿਰਕੂ ਲੀਹਾਂ ਤੇ ਵੰਡ ਗਏ। ਫਿਰਕਿਆਂ ਦੇ ਵਿੱਚ ਵੰਡ ਪਾ ਗਏ, ਹਿੰਦੂ-ਮੁਸਲਿਮ ਸਾਂਝਾਂ ਨੂੰ ਦੰਡ ਗਏ।
ਗਦਰ 1857 ਦਾ..............!





ਅਮਰਜੀਤ ਸਿੰਘ ਤੂਰਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639

# ਸਾਹਿਤ ਕਲਮ ਵੱਲੋਂ ਮਿੰਨ੍ਹੀ ਕਹਾਣੀ ਦਰਬਾਰ 20 ਨੂੰ

**ਧੂਰੀ (ਰਮੇਸ਼ਵਰ ਸਿੰਘ)** ਡਾ. ਨੀਤੂ ਵਿਆਸ ਪ੍ਰਧਾਨ , ਵਿਸਾਖਾ ਵਿਆਸ ਜਨਰਲ ਸਕੱਤਰ ਅਤੇ ਮੁਹੰਮਦ ਉਰ ਰਹਿਮਾਨ ਕਲਾ ਨਿਰਦੇਸ਼ਕ ਦੀ ਯੋਗ ਸਰਪ੍ਰਸਤੀ ਅਧੀਨ ਕੌਮੀ ਪੱਧਰ 'ਤੇ ਵੱਖੋ ਵੱਖ ਭਾਸ਼ਾਵਾਂ ਵਿੱਚ ਸਾਹਿਤਕ ਪ੍ਰੋਗਰਾਮ ਔਨ ਲਾਈਨ ਕੀਤੇ ਜਾਂਦੇ ਹਨ । ਪੰਜਾਬੀ ਮਿੰਨ੍ਹੀ ਕਹਾਣੀ ਦਰਬਾਰ ਜੋ ਕਿ ਮੰਗਲਵਾਰ ਸ਼ਾਮ 07 ਵਜੇ ਸਿੱਧਾ ਪ੍ਰਸਾਰਿਤ ਕੀਤਾ ਜਾਂਦਾ ਹੈ ਉਸ ਦੇ ਸੂਬਾ ਪੱਧਰੀ ਇੰਚਾਰਜ ਮੂਲ ਚੰਦ ਸ਼ਰਮਾ ਦੇ ਦੱਸਣ ਅਨੁਸਾਰ ਇਸ ਵਾਰ 20 ਮਈ 2025 ( ਮੰਗਲਵਾਰ ) ਨੂੰ ਸ਼ਾਮ 07 ਵਜੇ ਹੋਣ ਵਾਲ਼ੇ ਸਿੱਧੇ ਪ੍ਰਸਾਰਨ ਵਿੱਚ ਪੇਸ਼ਕਾਰ ਮੂਲ ਚੰਦ ਸ਼ਰਮਾ ਤੋਂ ਇਲਾਵਾ ਸੁਖਵਿੰਦਰ ਸਿੰਘ ਦਾਨਗੜ੍ਹ , ਮੈਡਮ ਲਖਵਿੰਦਰ ਕੌਰ ਪਿੰਕੀ , ਮੈਡਮ ਬਲਵੰਤ ਕੌਰ ਘਨੌਰੀ , ਮੈਡਮ ਕਰਮ ਅਬੋਹਰ ਕਿੱਕਰ ਖੇੜਾ ਅਤੇ ਪਵਨ ਪੰਜਾਬੀ ਰੁੜਕੀ ਕਲਾਂ ਆਪੋ ਆਪਣੀਆਂ ਸੱਜਰੀਆਂ ਅਤੇ ਚੋਣਵੀਆਂ ਮਿੰਨ੍ਹੀ ਕਹਾਣੀਆਂ ਪੇਸ਼ ਕਰਨਗੇ । ਪ੍ਰੋਗਰਾਮ ਦੇ ਮੁੱਖ ਮਹਿਮਾਨ ਸੁਖਵਿੰਦਰ ਸਿੰਘ ਦਾਨਗੜ੍ਹ ਆਪਣੀਆਂ ਰਚਨਾਵਾਂ ਦਾ ਪਾਠ ਕਰਨ ਤੋਂ ਇਲਾਵਾ ਪੇਸ਼ ਕੀਤੀਆਂ ਸਮੁੱਚੀਆਂ ਮਿੰਨ੍ਹੀ ਕਹਾਣੀਆਂ ਬਾਰੇ ਆਪਣੀਆਂ ਸਾਰਥਿਕ ਟਿੱਪਣੀਆਂ ਦੇ ਕੇ ਸੋਨੇ 'ਤੇ ਸੁਹਾਗੇ ਦਾ ਕਾਰਜ ਵੀ ਨਿਭਾਉਂਣਗੇ ।
ਸਾਹਿਤ ਪ੍ਰੇਮੀ ਦਰਸ਼ਕ ਅਤੇ ਸਰੋਤੇ ਇਸ ਕਹਾਣੀ ਦਰਬਾਰ ਦਾ ਆਨੰਦ ਡਾ. ਨੀਤੂ ਵਿਆਸ ਦੇ ਫੇਸਬੁੱਕ ਪੰਨੇਂ ਰਾਹੀਂ ਸਿੱਧੇ ਜਾਂ ਬਾਅਦ ਵਿੱਚ ਸੋਸ਼ਲ ਮੀਡੀਆ ਦੇ ਵੱਖੋ ਵੱਖ ਸਰੋਤਾਂ ਰਾਹੀਂ ਵੀ ਮਾਣ ਸਕਣਗੇ ।






# ਬੁੱਧ -ਵਿਅੰਗ : ਤਾਇਆ ਬਿਸ਼ਨਾ ਖੜਾ ਚੌਰਾਹੇ 'ਚ !

ਬਿਸ਼ਨੇ ਨੇ ਜਦੋਂ ਦਾ ਜੈਤੋਂ ਦਾ ਖਹਿੜਾ ਛੱਡਿਆ, ਉਦੋਂ ਦਾ ਹੀ ਅਜਿਹੀ ਥਾਂ ਦੀ ਭਾਲ 'ਚ ਹੈ, ਜਿਥੇ ਜ਼ਿੰਦਗੀ ਨੂੰ ਅਰਾਮ ਨਾਲ ਬਹਿ ਕੇ ਕੱਟ ਸਕੇ ਪਰ ਉਸਦੇ ਮੱਥੇ ਦੀ ਸੋਚ ਉਸਨੂੰ ਇੱਕ ਪਲ ਵੀ ਮੀਲ ਪੱਥਰ ਨੀਂ ਬਣਨ ਦੇਂਦੀ। ਉਹ ਆਪਣੇ ਹਿੱਸੇ ਦੀ ਰੋਸ਼ਨੀ ਵੰਡ ਦੇਣੀ ਚਾਹੁੰਦਾ ਹੈ। ਉਹ ਨਹੀਂ ਚਾਹੁੰਦਾ ਕਿ ਉਹ ਚੁੱਪ ਕਰਕੇ ਬੈਠ ਜਾਵੇ।

ਇੱਕ ਦਿਨ ਮਹਾਂਨਗਰ ਦੇ ਇੱਕ ਚੌਕ ਨੂੰ ਪਾਰ ਕਰਨ ਲੱਗਿਆਂ, ਟ੍ਰੈਫਿਕ 'ਚ ਫਸ ਗਿਆ। ਉਸ ਨੇ ਜਦੋਂ ਚੁਫੇਰੇ ਨਿਗਾ ਘੁੰਮਾਈ ਤਾਂ ਚੌਕ ਦੇ ਚਾਰੇ ਪਾਸੇ ਵੱਡੇ ਛੋਟੇ ਵਾਹਨ ਇੱਕ ਦੂਜੇ ਤੋਂ ਅੱਗੇ ਲੰਘਣ ਲਈ ਦੌੜਦੇ ਹਨ ਜਿਵੇਂ ਪੂਛ ਨੂੰ ਅੱਗ ਲੱਗੀ ਹੋਵੇ। ਉਹ ਤਾਂ ਫ਼ਾਇਰ ਬ੍ਰਿਗੇਡ ਵਾਲੀਆਂ ਗੱਡੀਆਂ ਵਾਂਗ ਇਉ ਭੱਜੇ ਜਾਂਦੇ ਹਨ, ਜਿਵੇਂ ਕਿਤੇ ਅੱਗ ਬੁਝਾਉਣੀ ਹੋਵੇ। ਉਹ ਸੋਚਦਾ ਅੱਗ ਤਾਂ ਇੱਕ ਪਾਸੇ ਲੱਗੀ ਹੋ ਸਕਦੀ ਹੈ ਪਰ ਇਹ ਤਾਂ ਚਾਰੇ ਦਿਸ਼ਾਵਾਂ ਨੂੰ ਭੱਜੀ ਜਾ ਰਹੇ ਹਨ, ਜਿਵੇਂ ਸਾਰੇ ਹੀ ਸ਼ਹਿਰ ਨੂੰ ਅੱਗ ਲੱਗੀ ਹੋਵੇ?

ਅੱਗ ਤਾਂ ਕਿਤੇ ਵੀ ਲੱਗੀ ਦਿਸਦੀ ਨੀ ਪਰ ਹਰ ਗੱਡੀ ਦੇ ਪਿੱਛਿਉਂ ਧੂੰਆਂ ਜ਼ਰੂਰ ਨਿਕਲਦਾ ਦਿਸਦਾ ਹੈ। ਉਹ ਸੋਚਦਾ ਸੜਕਾਂ 'ਤੇ ਭੱਜੇ ਜਾਂਦੇ ਇਹ ਵਾਹਨ ਕਿਤੇ ਰੁਕਦੇ ਹੋਣਗੇ? ਉਸਨੂੰ ਇੰਝ ਲਗਦਾ ਹੈ ਜਿਵੇਂ ਮਨੁੱਖ ਖੜ ਗਿਆ ਹੋਵੇ ਤੇ ਮੋਟਰ ਗੱਡੀਆਂ ਦੇ ਘੜਮੱਸ ਤੋਂ ਠਿੱਠ ਹੋਇਆ ਉਹ ਸੜਕ ਦੇ ਕਿਨਾਰੇ ਉੱਚੀ ਥਾਂ ਉਪਰ ਬੈਠਾ ਆਉਂਦੀਆਂ ਜਾਂਦੀਆਂ ਮੋਟਰ ਗੱਡੀਆਂ ਨੂੰ ਤੱਕਣ ਲੱਗਿਆ।

ਸਾਹਮਣੇ ਤੋਂ ਘੋੜੀ ਉੱਤੇ ਸਮਾਨ ਲੱਦੀ ਆਉਂਦਾ ਉਸਨੂੰ 'ਅਜਾਤ ਸੁੰਦਰੀ' ਵਾਲਾ ਮਨਮੋਹਨ ਬਾਵਾ ਦਿਖਿਆ। ਜਦੋਂ ਉਸ ਨੇ ਉਸ ਵੱਲ ਵੇਖਿਆ ਤਾਂ ਉਦੋਂ ਤੀਕ 'ਯੁੱਧ ਨਾਦ' ਦਾ ਬਿਗਲ ਵੱਜ ਚੁੱਕਿਆ ਸੀ। ਦਿੱਲੀ ਦੇ ਕਿਸਾਨ ਅੰਦੋਲਨ ਸ਼ੁਰੂ ਹੋ ਗਿਆ ਸੀ। ਐਨੇ ਨੂੰ ' ਤਫ਼ਤੀਸ਼' ਕਰਕੇ 'ਕਟਹਿਰੇ' ਤੋਂ ਮੁੜਿਆ ਮਿੱਤਰ ਸੈਨ ਮੀਤ 'ਕੌਰਵ ਸਭਾ' ਦੇ ਇਸ਼ਤਿਹਾਰ ਵੰਡਦਾ ਉਹਦੇ ਕੋਲ ਆ ਗਿਆ। ਕਹਿੰਦਾ ''ਬਿਸ਼ਨਿਆ ਐਵੇ ਨਾ ਝੂਰ ਇਹ ਜ਼ਿੰਦਗੀ 'ਕੌਰਵ ਸਭਾ' ਹੈ, ਇਸਨੂੰ ਹੁਣ 'ਸੁਧਾਰ ਘਰ' ਲੈ ਕੇ ਜਾਣ ਦੀ ਜ਼ਰੂਰਤ ਐ, ਤੂੰ ਸੁਣਾ ਕਿਵੇਂ ਬੈਠੈ?''

ਉਹ ਮੀਤ ਨਾਲ ਗੱਲਾਂ ਕਰਨ ਲੱਗਿਆ ਤਾਂ ਐਨੇ ਨੂੰ ਕਨੇਡੋਂ ਪਰਤਿਆ ਮੋਗੇ ਵਾਲਾ ਬਾਣੀਆ ਕੇ. ਐਲ. ਗਰਗ ਆਪਣਾ 'ਆਖਰੀ ਪੱਤਾ' ਸੁੱਟ ਕੇ ਬੋਲਿਆ '' ਇਸ ਭੀੜ 'ਚ ਖੇਡਣਾ ਤਾਂ ਗਿੱਟੇ ਗੋਡੇ ਤੁੜਵਾਉਣ ਦੇ ਤੁੱਲ ਏ।'' ਜਦ ਨੂੰ ਬੁੱਕ ਸਟਾਲ ਉੱਤੇ ' ਕਹਾਣੀ ਪੰਜਾਬ' ਫੜਾ ' ਕੋਠੇ ਖੜਕ ਸਿੰਘ' ਵਾਲਾ ਰਾਮ ਸਰੂਪ ਅਣਖੀ ਆ ਕੇ ਬੋਲਿਆ, '' ਬਿਸ਼ਨ ਸਿਆਂ, ਸਰਦਾਰੋ, ਪਰਤਾਪੀ ਤੇ ਜੱਸੀ ਸਰਪੰਚ ਤਾਂ ਸਲਫ਼ਾਸ ਖਾ ਕੇ ਮਰ ਗਏ, ਉਨਾਂ ਦੇ ਬੱਚਿਆਂ ਦੀ ਹਾਲਤ ਵੇਖ ਕੇ ' ਬਸ ਹੋਰ ਨਹੀਂ' ਲਿਖਿਆ ਜਾਂਦਾ।''

ਉਦੋਂ ਹੀ ਸਪੀਕਰ ਵਾਲੇ ਆਟੋ ਰਿਕਸ਼ੇ ਤੋਂ ਆਵਾਜ਼ ਆਈ। '' ਸੁਣੋ ਸੁਣੋ ਜੀ . . ' ਹਵਾ 'ਚ ਲਿਖੇ ਹਰਫ਼ ' ਵਾਲਾ ਸੁਰਜੀਤ ਪਾਤਰ ' ਬਿਰਖਾਂ ਦੀ ਅਰਜ਼' ਕਰਦਾ ਹੋਇਆ ' ਹੁਕਮੀ ਦੀ ਹਵੇਲੀ' ਦਾ ਮਾਲਕ ਬਣ ਗਿਆ ਏ, ਜਿੱਥੇ ਅੱਜ ਰਾਤ ਸੁਰਮਈ ਸ਼ਾਮ ਹੋਣੀ ਐ।'' ਏਨੇ ਨੂੰ ' ਸੂਰਜ ਦੀ ਦਹਿਲੀਜ਼ ' ਵਾਲੀ 'ਧੁੱਪ ਦੀ ਚੁੰਨੀ' ਲਈਂ ਸੁਖਵਿੰਦਰ ਅੰਮ੍ਰਿਤ ਆ ਕੇ ਤਾਏ ਬਿਸ਼ਨੇ ਕੋਲ ਬੈਠ ਗਈ।

ਸਪੀਕਰ ਦਾ ਅਜੇ ਸਾਹ ਨਹੀਂ ਸੀ ਸੁਕਿਆ। ਉਦੋਂ ਹੀ ' ਹਾਰੇ ਦੀ ਅੱਗ' ਵਾਲਾ ਬਲਜਿੰਦਰ ਨਸਰਾਲੀ ' ਡਾਕਖਾਨਾ ਖਾਸ' ਮੋਢੇ ਉੱਤੇ ਚੁੱਕੀ ਆਉਂਦਾ ਬੋਲਿਆ, '' ਇਹ ' ਵੀਹਵੀਂ ਸਦੀ ਦੀ ਆਖਰੀ ਕਥਾ' ਆਪ ਪੜੋ ਤੇ ਅਪਣੇ ਬੱਚਿਆਂ ਨੂੰ ਪੜਾਉਂ।'' ਪਰ ਇਸ ਮਹਾਂਨਗਰ ਦੇ ਚੌਕ ਵਿੱਚ ' ਨੀਰੋ ਦੀ ਬੰਸਰੀ ' ਦੀ ਆਵਾਜ਼ ਕੌਣ ਸੁਣੇ ਤਾਂ ਭਗਵਾਨ ਢਿਲੋਂ ਕਹਿੰਦਾ ''ਹੁਣ ਤਾਂ ਚਾਰ ਚੁਫੇਰਾ ''ਕਲਿੰਗਾ'' ਬਣ ਗਿਆ ਏ ''ਉਦਾਸੀ ਹੀਰੇ ਹਰਨ ਦੀ '' ਕੌਣ ਸਮਝੇ।'' ਜਦ ਨੂੰ ਉੱਚੀਆਂ ਇਮਾਰਤਾਂ ਨੂੰ ਵੇਖਦਾ ਭੋਲਾ ਸਿੰਘ ਸੰਘੇੜਾ ਬੋਲਿਆ, '' ਬਾਈ ਜੀ, ਇਹ ਤਾਂ ਸਭ 'ਰੇਤ ਦੀਆਂ ਕੰਧਾਂ' ਨੇ, ਤੁਸੀਂ ਜ਼ਿੰਦਗੀ ਦੀਆਂ ਗੱਲਾਂ ਕਰਦੇ ਹੋ।'' ਮਾਲ ਰੋਡ 'ਤੇ ਬਣੇ ਸਾਈਬਰ ਕੈਫਿਆਂ 'ਚੋਂ ਜ਼ਿੰਦਗੀ ਭਾਲਦੀਆਂ ਦੇਹਾਂ ਨੂੰ ਵੇਖ ਹਰਜੀਤ ਅਟਵਾਲ ਆਖਣ ਲੱਗਾ, '' ਇਹ ਤਾਂ ਨਿਰਾ 'ਰੇਤ ਛਲ ' ਹੈ।'' ਜਦ ਨੂੰ 'ਸ਼ਬਦ' ਦੇ ਅੰਕ ਫੜਾਉਂਦਾ ਜਿੰਦਰ ਬੋਲਿਆ ''ਪਰ, ' ਤੁਸੀਂ ਨਹੀਂ ਸਮਝ ਸਕਦੇ', ਕਿ 'ਕਤਲ' ਕਿਸ ਦਾ ਹੋਇਆ ਏ।''

ਤਾਇਆ ਵੇਖ ਰਿਹਾ ਸੀ, ਉਸ ਦੇ ਆਲੇ ਦੁਆਲੇ ਗੱਡੀਆਂ ਮੋਟਰਾਂ ਦੀ ਬਜਾਏ, ਲੇਖਕਾਂ ਦਾ ਝੁੰਡ ਵਧ ਰਿਹਾ ਸੀ। ਉਹ ਵੇਖਦਾ ਹੈ ਕਿ ਇੱਥੇ ਕੋਈ ਵੀ ਕਿਸੇ ਦੀ ਗੱਲ ਸੁਣਦਾ ਨਹੀਂ। ਸਭ ਆਪੋ ਆਪਣੀ ਟਿੰਡ 'ਚ ਕਾਨਾ ਪਾ ਕੇ ਖੜਕਾਈ ਜਾਂਦੇ ਹਨ।

ਬੱਸ 'ਚੋਂ ਉਤਰ ਸਿੱਧੀ ਹੀ ਬਿਸ਼ਨੇ ਵੱਲ ਆਉਂਦੀ ' ਇੱਕ ਚੁੱਪ ਜਿਹੀ ਕੁੜੀ' ਨਿਰਮਲ ਜਸਵਾਲ ਨੇ ਆਖਿਆ '' ਇਨਾਂ ਨੂੰ ਹੱਥ ਨਾ ਲਾਇਓ, ਇਹ ਤਾਂ 'ਕੱਚ ਦੀਆਂ ਮੱਛੀਆ' ਨੇ।'' ਫੇਰ ਤਾਏ ਦੇ ਕੋਲ ਹੋ ਕੇ ਬਹਿੰਦੀ ਬੋਲੀ ,''ਆ ਜਦੋਂ ਦੀ ਬੁਢਲਾਡੇ ਵਾਲੇ ਵੀਨਾ ਵਰਮਾ 'ਫਰੰਗੀਆਂ ਦੀ ਨੂੰਹ' ਬਣੀ ਐ ਪੰਜਾਬ ਵਿਚ ' ਮੁੱਲ ਦੀ ਤੀਵੀਂ ' ਦਾ ਮੁੱਲ ਵੱਧ ਗਿਆ ਏ? ਹੁਣ ਉਹ ''ਜੋਗੀਆਂ ਦੀ ਧੀ'' ਬਣ ਕੇ ਦਰ ਦਰ ਅਲਖ ਜਗਾਉਂਦੀ ਫਿਰਦੀ ਹੈ।'' ਜਦ ਨੂੰ 'ਗੈਰ ਹਾਜ਼ਿਰ ਆਦਮੀ ' ਹਾਜ਼ਰ ਹੁੰਦਾ ਪ੍ਰੇਮ ਗੋਰਖੀ ਕਹਿੰਦਾ '' ਕੋਈ ਨਾ ਪੰਜਾਬੀ ਟਿ•ਬਿਊਨ 'ਚ ਆਪਾਂ ਖਬਰ ਲਾ ਦੇਵਾਂਗੇ ਤੂੰ ਫਿਕਰ ਨਾ ਕਰ ।''

'' ਤਾਇਆ ਜੀ ਸਵੀਡਨ ਵਿਚ ਹੀ ਨਹੀਂ ਪੰਜਾਬ ਵਿਚ ਵੀ ਔਰਤ ਦਾ 'ਗਿਰ ਰਿਹਾ ਗਰਾਫ਼ ' ਹੈ। ਨਿੰਦਰ ਗਿੱਲ ਅਪਣਾ ਸਾਈਕਲ ਸਟੈਂਡ 'ਤੇ ਲਾਉਂਦਿਆਂ ਬੋਲਿਆ। ਜਦ ਤਾਏ ਨੇ ਉਹਦੇ ਵੱਲ ਵੇਖਿਆ ਤਾਂ ਪਰਲੇ ਪਾਸੇ ਬਲਦੇਵ ਸਿੰਘ ' ਗਿੱਲੀਆਂ ਛਿੱਟੀਆਂ ' ਦੀ ਅੱਗ ਬਾਲੀ ' ਲਾਲ ਬੱਤੀ' ਥੱਲੇ 'ਅੰਨਦਾਤਿਆਂ' ਨਾਲ ਧਰਨਾ ਲਾਈ ਬੈਠਾ ਸੀ । ਕਹਿੰਦਾ '' ਸਤਲੁਜ ਵਹਿੰਦਾ ਰਿਹਾ ' ਪਰ ਕਿਸੇ ਸਰਕਾਰ ਨੇ ਪਾਣੀ ਨਹੀਂ ਸਾਂਭਿਆ ਹੁਣ ਸਮਰੀਬਲ ਲਾਉਂਦੇ ਫਿਰਦੇ ਨੇ। ਉਧਰ 'ਪੰਜਵਾਂ ਸਾਹਿਬਜਾਦਾ' ਆਪਣੇ ਟੱਬਰ ਸਮੇਤ ਅਲੱਗ ਹੋ ਗਿਆ ਕਹਿੰਦਾ ਸਾਨੂੰ ਤਾਂ ਕੋਈ ਗੁਰਦੁਆਰੇ ਨੀਂ ਵੜਨ ਦੇਂਦਾ ਚੌਧਰੀ ਬੇਦਾਵਾ



ਲਿਖਣ ਵਾਲੇ ਬਣੇ ਬੈਠੇ ਨੇ ਤੇ ਕੁਰਬਾਨੀਆਂ ਕਰਨ ਨੂੰ ਅਸੀਂ ਹੀ ਬਚੇ ਆ, ਤੇ ਹੁਣ ' ਢਾਹਾਂ ਦਿੱਲੀ ਦੇ ਕਿੰਗਰੇ' ਦੀ ਕਥਾ ਕੀਹਨੂੰ ਸੁਣਾਵਾਂ।'' ਇੰਨੇ ਨੂੰ ਲੇਖਕ ਤੋਂ ਪ੍ਰਕਾਸ਼ਕ ਬਣਿਆ ਚੇਤਨਾ ਪ੍ਰਕਾਸ਼ਨ ਵਾਲਾ ਸਤੀਸ਼ ਗੁਲਾਟੀ ਜਿਹੜਾ ' ਚੁੱਪ ਦੇ ਖਿਲਾਫ਼' ਸੀ ਹੁਣ ਉਹ ਵੀ ' ਚੁੱਪ ਦੇ ਅੰਦਰ ਬਾਹਰ ' ਹੋਇਆ ਆਪਣੀਆਂ ਕਿਤਾਬਾਂ ਦੀ ਫੜੀ ਲੈ ਕੇ ਆ ਗਿਆ। ਚੌਕ ਵਿਚ ਲੇਖਕਾਂ ਦਾ 'ਕੱਠ ਪਲ ਪਲ ਵੱਧ ਰਿਹਾ ਸੀ। ਤਾਇਆ ਬਿਸ਼ਨਾ ਚੁੱਪ ਚਾਪ ਬੈਠਾ ਦੇਖੀ ਜਾ ਰਿਹਾ। ਉਸ ਨੇ ਜਦ ਉਪਰ ਨੂੰ ਮੂੰਹ ਚੁੱਕ ਕੇ ਦੇਖਿਆ ਤਾਂ ਪੰਜਾਬ ਦੇ ਸਭਿਆਚਾਰ ਦੇ ਬਚੇ ਖੁਚੇ ਕਾਗਜ਼ ਪੱਤਰ ਚੁੱਕੀ ਆਉਂਦਾ ਨਵਾਂ ਸ਼ਹਿਰ ਵਾਲਾ ਅਜਮੇਰ ਸਿੱਧੂ ਦਿਖਿਆ ਆਉਂਦਾ ਹੀ ਬੋਲਿਆ '' ਤਾਇਆ ਜੀ, ਅਜੇ ਪੰਜਾਬੀ ਸੱਭਿਆਚਾਰ ਖ਼ਤਮ ਨਹੀਂ ਹੋਇਆ ਆ ਦੇਖੋ 'ਖੂਹ ਗਿੜਦਾ ਐ' ਨਾਲੇ ' ਨਚੀਕੇਤਾ ਦੀ ਮੌਤ' ਨਹੀਂ ਹੋਈ ਇਹ ਤਾਂ ਅਫਵਾਹ ਐ।'' ਜਦ ਨੂੰ ਜਤਿੰਦਰ ਹਾਂਸ ਬੋਲਿਆ '' ਤਾਇਆ ਜੀ ਏਹਦੇ 'ਤੇ ਇਤਬਾਰ ਨਾ ਕਰਿਓ, ਸਾਡੇ ਪਿੰਡ 'ਈਸ਼ਵਰ ਦਾ ਜਨਮ' ਹੋ ਗਿਆ ਤੇ ਨਾਲੇ ਅਸੀਂ ਉਥੇ ' ਪਾਵੇ ਨਾਲ ਬੰਨਿਆ ਕਾਲ' ਰੱਖਿਆ ਏ, ਤੁਸੀਂ ਮੇਰੇ ਨਾਲ ਚੱਲੋ।'' ਏਨੇ ਨੂੰ 'ਚੂੜੇ ਵਾਲੀ ਬਾਂਹ ' ਵਾਲਾ ਜਸਵੀਰ ਰਾਣਾ ਆ ਕੇ ਬੋਲਿਆ 'ਦਿਨ ਢਲਿਆ ਨਹੀਂ ਅਜੇ ਤਾਂ 'ਸਿਖ਼ਰ ਦੁਪਹਿਰਾ' ਐ।'' ਮੱਖਣ ਮਾਨ ਆ ਕੇ ਬੋਲਿਆ, '' ਤਾਇਆ ਜੀ, ਮਹਾਂਨਗਰ ਦੇ ' ਪ੍ਰਵੇਸ਼ ਦੁਆਰ' ਮੂਹਰੇ ਬਾਬਾ ਜਗਤਾਰ ਧੂਣੀ ਲਾਹੀ ਬੈਠਾ ਏ। ਕਹਿੰਦਾ 'ਬਿਰਛਾਂ ਅੰਦਰ ਉਗੇ ਖੰਡਰ ' ਵਾਲਾ ਕੁਲਵਿੰਦਰ ਆਉਂਦਾ ਹੈ। ਉਹ ਨੂੰ ਇਹ ਆਸ ਹੈ ਕਿ 'ਮੁਰੰਡੀਆਂ ਡਾਲਾ ' ਵਾਲਾ ਰਾਮ ਸਿੰਘ ਤਸੀਲਦਾਰ ਆ ਜਾਵੇ ਤੇ ਪਰਦਿਆਂ ਦੀ ਓਟ ' 'ਚ ਇਸ ਚੌਰਾਹੇ ਦੀ ਨਿਸ਼ਾਨਦੇਹੀ ਕਰਕੇ ਪ੍ਰੇਮ ਪਕਾਸ਼ ਦੀਆਂ ਪਾਈਆਂ 'ਗੰਢਾ' ਨੂੰ ਖੋਲ• ਦੇਵੇਗਾ। ਜਦ ਨੂੰ ਹਰਮੀਤ ਵਿਦਿਆਰਥੀ ਆ ਕੇ ਆਖਣ ਲੱਗਾ ''ਤਸੀਲਦਾਰ ਸਾਹਿਬ ਤੁਹਾਨੂੰ ' ਸਮੁੰਦਰ ਬੁਲਾਉਂਦਾ ' ਐ।''

ਜਰਨੈਲ ਸਿੰਘ ਆ ਕੇ ਬੋਲਿਆ,''ਬਈ ਇਹ ਤਾਂ 'ਦੋ ਟਾਪੂ' ਨੇ ਕੋਈ ਕਾਰੋਬਾਰ ਕਰਦੇ ਆ।'' ਵਿਜੇ ਵਿਵੇਕ ਵੀ ਲੋਰ 'ਚ ਬੋਲਿਆ '' ਇਹਨੂੰ ਦੇ ਟਾਪੂ ਨਾ ਜਾਇਓ, ਇਹ ਤਾਂ 'ਚੱਪਾ ਕੂ ਪੂਰਬ' ਆ, ਰੂਹ ਪੰਜਾਬ ਦੀ ਕਿੱਥੇ ਐ।''

ਦੇਸ ਰਾਜ ਕਾਲੀ ਬੋਲਿਆ, ''ਬਾਬਿਓ ਜਦੋਂ ਦੀਆਂ ਸ਼ੇਖਰ ਨੇ 'ਮੁੰਦਰਾਂ' ਪਵਾਈਆਂ ਨੇ, ਉਹ ਜਨਮੀਤ ਦੀਆਂ ' ਦੋ ਅੱਖਾਂ' ਲੈ ਕੇ ਬਲਬੀਰ ਸਿੰਘ ਸ਼ਾਹ ਦੇ ਨਾਲ 'ਬੇਵਸ ਪਰਿੰਦੇ' ਲੱਭਦਾ ਫਿਰਦਾ ਐ।''

'ਅੱਖਰ' ਦਾ ਵਾਸਤਾ ਪਾਉਂਦਾ ਭਾਊ ਪ੍ਰਮਿੰਦਰਜੀਤ ਬੋਲਿਆ ''ਬਈ ਜੇ ਸ਼ਾਹ ਚਮਨ ਦਾ ' ਹਨੇਰੇ 'ਚ ਘਿਰਿਆ ਮਨੁੱਖ ' ਦੇਖਣਾ ਹੈ ਤਾਂ ' ਮੇਰੀ ਮਾਰਫ਼ਤ ' ਮਿਲੋ। ਨਾਲੇ ਜੇ ' ਰਾਗ ਇਸ਼ਕ ' ਪੜਨਾ ਤਾਂ ਗੁਰਭਜਨ ਗਿੱਲ ਤੋਂ ' ਫੁੱਲਾਂ ਦੀ ਝਾਂਜ਼ਰ ' ਲੈ ਜਾਓ ਐਂਤਕੀਂ ਪ੍ਰਧਾਨਗੀ ਦੀ ਚੋਣ ਲੜਨੀ ਐ। ਵੋਟਾਂ ਜਰੂਰ ਪਾਇਓ।'' ਦਿੱਲੀ ਵਾਲਾ ਗੁਰਬਚਨ ਭੁੱਲਰ ਬੋਲਿਆ ''ਜੇ ਤੁਸੀਂ ' ਤਿੰਨ ਮੂਰਤੀਆਂ ਵਾਲਾ ਮੰਦਰ ' ਦੇਖਣਾ ਤਾਂ ਬਲਵੀਰ ਪਰਵਾਨਾ ਦੇ ਨਾਲ ' ਵਰਜਣਾ ਤੋਂ ਪਾਰ' ਜਾਣਾ ਪਊ, ਨਾਲ ਹੀ ਜੀ. ਐਸ. ਰਿਆਲ ਦੀ ' ਸ਼ਬਦਾਂ ਦੀਆ ਲਿਖਤਾਂ ' ਵਾਚਣੀ ਪਊ।'' 'ਲੀਹੋਂ ਲੱਥੇ' ਵਾਲਾ ਅਮਰੀਕ ਕੰਡਾ ਬੋਲਿਆ '' ਬਾਈ ਜੀ, ਤੁਸੀਂ ਉਥੇ ਜਾਣ ਦੀਆਂ ਗੱਲਾਂ ਕਰਦੇ ਹੋ। ਬਲਦੇਵ ਸਿੰਘ ਨੇ ਵਰਿਆਮ ਸੰਧੂ ਦੀ ' ਚੌਥੀ ਕੂਟ' ਨੂੰ ' ਨਾਗਵਲ ' ਪਾ ਕੇ ਬੈਠਾ।'' ਕਲਕੱਤੇ ਤੋਂ ਆਇਆ ਮੋਹਨ ਕਾਹਲੋਂ ਆਪਣਾ ਬੈਗ, ਅਟੈਚੀ ਮੋਢੇ ਤੋਂ ਉਤਾਰਦਾ ਬੋਲਿਆ '' ਇਹ ਤਾਂ ਸਭ ' ਵਹਿ ਗਏ ਪਾਣੀ ' ਨੇ ' ਕਾਲੀ ਮਿੱਟੀ ' ਤਾਂ ਹੁਣ ਦੇਖਣ ਨੂੰ ਨਹੀਂ ਮਿਲਦੀ, ਤੁਸੀਂ ਕੀਹਦੀ ਗੱਲ ਕਰਦੇ ਹੋਉਂ ।''

ਬਿਸ਼ਨਾ ਤਾਇਆ ਦੇਖਦਾ ਹੈ ਕਿ ਮਨਜੀਤ ਮੀਤ 'ਲੱਕੜ ਦੇ ਘੋੜੇ' ਲਈ ਆਉਂਦਾ ਏ। ਉਸਦੇ ਪਿੱਛੇ ਪਿੱਛੇ 'ਸਲਾਬੀ ਹਵਾ' 'ਚੋਂ ' ਸ਼ਬਦ, ਸ਼ਹਿਰ ਤੇ ਰੇਤ' ਲੱਭਣ ਲਈ ਪੈਰੀਂ ' ਖੜਾਵਾਂ ' ਪਾਈ ਆਉਂਦਾ ਦਰਸ਼ਨ ਬੁੱਟਰ ਵੀ ਦਿਖਿਆ, ਉਸਨੂੰ 'ਮਹਾਂਕੰਬਣੀ' ਲੱਗੀ ਹੋਈ ਸੀ। ਆਉਂਦਾ ਹੀ ਬੋਲਿਆ '' ਤਸੀਂ ਏਥੇ ਮਜ਼ਮਾਂ ਲਾਈ ਬੈਠੇ ਹੋ। ਮੈਂ ਨਾਭੇ ਉਡਕੀਦਾ ' ਕਵਿਤਾ ਉਸਤਵ' ਮਨਾਉਣਾ। ਤਰਲੋਚਨ ਲੋਚੀ ਦਰ ਦਰਵਾਜ਼ੇ ਖੋਲੀ ਬੈਠਾ ਕਹਿੰਦਾ ਗਿੱਲ ਸਾਬ ਤੇ ਮਨਜਿੱਦਰ ਧਨੋਆ ਦੇ ਨਾਲ ਜਾਣਾ ਡੀ ਡੀ ਪੰਜਾਬੀ ਤੇ ਕਵੀ ਦਰਬਾਰ ਐ ਤੇ ਨਾਲੇ ਰਸਤੇ ਚ ਹੋਰ ਸਮਾਗਮ ਹੈ.ਅਸੀ ਤੇ ਚੱਲੇ ਆ!

ਜੰਮੂ ਤੋਂ ਵਿਦੇਸ਼ ਗਈ ਸੁਰਜੀਤ ਸਖੀ ਨੇ ਡਰਦਿਆਂ ਤਾਏ ਬਿਸ਼ਨੇ ਨੂੰ ਕਿਹਾ, '' ਮੈਂ ਸਿਕੰਦਰ ਨਹੀਂ, ਤੁਹਾਨੂੰ ਭਲੇਖਾ ਪਿਆ ਹੋਣਾ।'' ਜੱਗਬਾਣੀ ਵਾਲਾ ਕੁਲਦੀਪ ਸਿੰਘ ਬੇਦੀ ' ਕਿੰਨੇ ਹੀ ਵਰਿਆਂ ' ਬਾਅਦ ਬੋਲਿਆ '' ਤਾਇਆ ਜੀ ! ਢੁਡੀਕੇ ਵਾਲੇ ਜਸਵੰਤ ਸਿੰਘ ਕੰਵਲ ਨੂੰ ' ਇੱਕ ਹੋਰ ਹੈਲਨ' ਤੋਂ ਬਾਅਦ ' ਸੁੰਦਰਾਂ' ਮਿਲੀ ਐ। ਓਧਰ ਮੋਹਨ ਭੰਡਾਰੀ ' ਕਾਠ ਦੀ ਲੱਤ' ਲਵਾਈ ਹੱਥ 'ਚ 'ਨੱਥ ' ਚੁੱਕੀ ਫਿਰਦਾ ਏ।''

ਦੂਰ ਪਰੇ ' ਛਾਂਗਿਆਂ ਹੋਇਆ ਰੁੱਖ' ਦੇ ਥੱਲੇ ਬਲਵੀਰ ਮਾਧੋਪੁਰੀ ਬੈਠਾ ਆਪ ਮੁਹਾਰੇ ਬੋਲੀ ਜਾ ਰਿਹਾ ਏ। ਜੇ ਤੁਸੀਂ ਓਮ ਬਾਲਮੀਕੀ ਦੀ ' ਜੂਠ' ਨਹੀਂ ਖਾ ਸਕਦੇ ਤਾਂ ਲਾਲ ਸਿੰਘ ਦਿਲ ਦੀ ' ਦਾਸਤਾਨ' ਦਾ ਹੀ ਪਾਠ ਕਰ ਲਓ।

ਉਦੋਂ ਹੀ ਗੱਡੀ ਖੜਾ ਹੱਥ 'ਚ 'ਇਹ ਬੰਦਾ ਕੀ ਹੁੰਦਾ' ਕਿਤਾਬ ਚੁਕੀ ਆਉਂਦਾ ਜਸਵੰਤ ਜ਼ਫ਼ਰ ਤਾਏ ਦੇ ਗੋਡੀ ਹੱਥ ਲਾਉਂਦਾ ਬੋਲਿਆ '' ਅਸੀਂ ਨਾਨਕ ਦੇ ਕੀ ਲਗਦੇ ਆ।' ਤਾਇਆ ਬਿਸ਼ਨਾ ਕੁਝ ਬੋਲਦਾ ਹਰ ਮਹੀਨੇ ਨਾਵਲ ਲਿਖਣ ਵਾਲਾ ਅਮਰਜੀਤ ਗੋਰਕੀ ਬੋਲਿਆ ' ਅਣਜਿੱਤੀ ਲੰਕਾ ਦੇ ਰਾਮ' ਤੇ ਵਿਚੋਂ ਹੀ ਲਾਲ ਸਿੰਘ ਦਿਲ ਬੋਲ ਪਿਆ... ' ਨਾਗ ਲੋਕ, ਨਾਗ ਲੋਕ ।''

ਲਾਲ ਬੱਤੀ ਵਾਲਾ ਗੱਡੀ 'ਚੋਂ ਉਤਰ ਕੇ ਆਉਂਦਾ ਡਾ. ਸਵਰਾਜਬੀਰ ਆਖਣ ਲੱਗਾ '' ਤਾਇਆ ਜੀ, ਕੋਈ ਉਪਾਅ ਦੱਸੋ, ਜਿਸ ਦਿਨ ਦੀ ' ਮੇਦਨੀ', ਧਰਮ ਗੁਰੂ' ਬਣੀ ਐ, ਉਹਨੇ ' ਸ਼ਾਇਰੀ' ਦਾ ਕਤਲ ਕਰਵਾ ਦਿੱਤਾ ਏ ਤੇ ' ਕ੍ਰਿਸ਼ਨ' ਦੀ ਪੇਂਟਿੰਗ ਉਸ ਨੇ ਡਰਾਇੰਗ ਰੂਮ ਵਿਚ ਲਾ ਦਿੱਤੀ ਏ, ਦੱਸੋ ਹੁਣ '23 ਮਾਰਚ' ਕਿਵੇਂ ਮਨਾਈਏ ?''

''ਭਰਾਵੋ ! ਮੈਂ ਤਾਂ ' ਚਾਰੇ ਕੁੰਢਾਂ ਢੂੰਡੀਆਂ' ਮੈਨੂੰ ਤਾਂ ਲੇਖਕ ਦੇ ਮਨ ਦਾ ਧਰਾਤਲ ਨੀਂ ਲੱਭਿਆ।'' ਸਤਵਿੰਦਰ ਕੁੱਸਾ ਨੇ ਤਾਏ ਨੂੰ ਆਖਿਆ।

ਜਦ ਨੂੰ ਭਾਊ ਤਲਵਿੰਦਰ 'ਯੋਧੇ' ਲੈ ਕੇ ਆ ਗਿਆ। ਆਖਣ ਲੱਗਾ '' ਬਲਵੀਰ ਪਰਵਾਨਾ ਆਪਣੇ ਆਲੇ ਦੁਆਲੇ ਐਨਾ ' ਧੂੰਆਂ' ਕਰੀ ਬੈਠਾ ਸਰਹੱਦ 'ਤੇ ਚੱਲਣਾ ਮੋਮਬੱਤੀਆਂ ਜਗਾਉਂਣ ਜਾਣਾ ਐ ।'। ਕੋਈ ਇੱਕ ਸਵਾਰ', ' ਮੇਰਾ ਉਜੜਿਆ ਗੁਆਂਢੀ' ਦੇ ਘਰ ਤੀਕ ਜਾਣਾ ।'' ਤਾਏ ਨੇ ਸੜਕ ਪਾਰ ਦੇਖਿਆ ਸਾਧੂ ਬਿਨਿੰਗ ' ਜੁਗਤੂ' ਨਾਲ ਮਿਖਾਇਲ ਬਲਗਾਕੋਵ ਦਾ 'ਕੁੱਤਾ ਆਦਮੀ' ਲਈ ਸੜਕ ਪਾਰ ਕਰਨ ਲਹੀ ਟ੍ਰੈਫਿਕ ਬੰਦ ਹੋਣ ਦੀ ਉਡੀਕ ' ਚ ਖੜਾ ਏ।

ਪਰੇ ਪਾਰਕ 'ਚ ਸਵਿਤੋਜ ' ਸ਼ਬਦਾਂ ਦੀ ਸ਼ਤਰੰਜ' ਵਿਛਾਈ ਬੈਠਾ ਵਰਿੰਦਰ ਪਰਿਹਾਰ ਨਾਲ ' ਕੁਦਰਤ' ਦਾ ਨਜ਼ਾਰਾ ਲੈ ਰਿਹਾ ਏ। ਉਧਰ ਜਗਤਾਰ ਢਾਅ 'ਗੁਆਚੇ ਘਰ ਦੀ ਤਲਾਸ਼' 'ਚ ਅਜਾਇਬ ਕਮਲ ਦੇ ' ਬੀਜ ਤੋਂ ਬ੍ਰਹਿਮੰਡ' ਤੀਕ ਚੱਕਰ ਲਾ ਆਇਆ ਏ ਪਰ ਉਸ ਨੂੰ ਸੁਖਚੈਨ ਮਿਸਤਰੀ ਦੇ 'ਘਰ' ਨਹੀਂ ਲੱਭਿਆ।

ਪਾਲੀ ਭੁਪਿੰਦਰ ਕਹਿੰਦਾ,'' ਭਾਅ ਜੀ ਨੇ ਐਨੇ 'ਲਾਰੇ' ਲਾਏ, 'ਧਮਕ ਨਗਾਰੇ ਦੀ' ਸੁਣਾਈ ਪਰ ਇਨਕਲਾਬ ਨਹੀਂ ਆਇਆ। ਆਤਮਜੀਤ ਕਹਿੰਦਾ 'ਮੰਗੂ ਕਾਮਰੇਡ' ਤਾਂ ਹੈ ਪਰ 'ਮੈਂ ਤਾਂ ਇੱਕ ਸਾਰੰਗੀ' ਆਂ। ਕਹਿ ਕੇ ਨਾਟਕ ਕਰਨ ਚਲੇ ਗਿਆ । ਕਹਿੰਦਾ 'ਉਸਨੂੰ ਕਹੀਂ' ਕਿ ਉਹ ' ਮਿੱਟੀ ਦਾ ਬਾਵਾ' ਲਿਆ ਕੇ ਕੋਈ 'ਸਿਰਜਣਾ' ਕਰੇ ਤਾਂ ਕਿ ਘਰ ਬਣ ਸਕੇ।''

ਜਪਾਨ ਵਾਲਾ ਪਰਮਿੰਦਰ ਸੋਢੀ ਆਖਣ ਲੱਗਾ ' ਤੇਰੇ ਜਾਣ' ਤੋਂ ਮੇਰੀ ਹਾਲਤ ਤਾਂ ਜੋਗਾ ਸਿੰਘ ਦੀ 'ਸਬੂਤੀ ਅਲਵਿਦਾ' ਵਰਗੀ ਹੋ ਗਈ ਹੈ। ਰੋਪੜ ਵਾਲਾ ਜਸਵਿੰਦਰ ' ਕੱਕੀ ਰੇਤ ਦੇ ਵਰਕੇ' ਇੱਕਠੇ ਕਰਕੇ ਮਾਛੀਵਾੜੇ ਦੇ ਜੰਗਲਾਂ ਵੱਲ ਤੁਰ ਗਿਆ ਏ, ਕਹਿੰਦਾ ''ਹਰਬੰਸ ਮਾਛੀਵਾੜਾ ਤੋਂ ' ਸਵੈ ਦੀ ਤਲਾਸ਼' ਕਰਨੀ ਸਿੱਖਣੀ ਐ, ਉਹ ਕਹਿੰਦਾ ਨਾਲੇ ਉਥੇ ਸਵਾਮੀ ਸੂਰੀਆ ਪ੍ਰਤਾਪ ਸਿੰਘ ਨੂੰ ਮਿਲਣਾ ਤੇ ਸੁਖਜੀਤ ਦੀ 'ਅੰਤਰਾ' ਦੇਖਣੀ ਏ ਜਿਹੜੀ ਕਹਿੰਦੀ ਏ ਮੈਂ ਇੰਨਜੁਆਏ ਕਰਦੀ ਆ ।''ਉਹ ਕਹਿੰਦੇ '' ਮੈ ਜੈਸਾ ਵੈਸਾ ਕਿਉਂ ਹੂੰ ?''

ਦਿੱਲੀ ਵਾਲਾ ਨਛੱਤਰ ਆ ਕੇ ਕਹਿੰਦਾ,'' ਤਾਇਆ ਜੀ, ਤੁਸੀਂ ਏਥੇ ਚੌਕ 'ਚ ਹੀ ਬੈਠੇ ਹੋ। ਮੈਂ ਤਾਂ ' ਨਿੱਕੇ ਨਿੱਕੇ ਅਸਮਾਨ' ਕਈ ਲੱਭ ਲਿਆਇਆ ਹਾਂ । ਪੰਜਾਬ ਨੂੰ ਕੈਂਸਰ ਹੋ ਗਿਆ.'' ਚੌਰਾਹੇ 'ਚ ਵਧ ਰਹੀ ਭੀੜ ਨੂੰ ਦੇਖਦੇ ਅਜਾਇਬ ਕਮਲ 'ਅਗਿਆਤ ਵਾਸੀ' ਹੋ ਗਿਆ ਹੈ ਪਰ ਗੁਰਪਾਲ ਲਿੱਟ ਕਹਿੰਦਾ 'ਇਹ ਅੰਤ ਨਹੀਂ।'' ਕਿਰਪਾਲ ਕਜ਼ਾਕ ਕਹਿੰਦਾ ਅਜੇ 'ਹੁੰਮਸ' ਜ਼ਰੂਰ ਏ। ਕਦੇ ਤਾਂ ਸਾਡੇ ਵੀ ਦਿਨ ਅਉਂਣਗੇ। ਇਹ ਅੰਤਹੀਣ ਨਹੀ ।''

ਡਾਕਟਰ ਜਗਤਾਰ ਕਹਿੰਦਾ ' ਹਰ ਮੋੜ 'ਤੇ ਸਲੀਬਾਂ ' ਨੇ। ਟਿੱਬੇ ਵਾਲਾ ਮਹਾਂਵੀਰ ਸਿੰਘ ਦਰਦੀ ਬੋਲਿਆ ਨਹੀਂ ' ਸਵੇਰ ਆਵੇਗੀ।' ਤਾਇਆ ਬਿਸ਼ਨਾ ਸੋਚੀ ਪਿਆ ਹੋਇਆ ਸੀ। ਉਹ ਸੋਚਦਾ ਸੀ ਕਿ ਉਹ ਤਾਂ ਚੌਕ ਪਾਰ ਕਰਨ ਲਈ ਰੁਕਿਆ ਸੀ ਪਰ ਏਥੇ ਮੋਟਰ ਗੱਡੀਆਂ ਦੀ ਬਜਾਏ 'ਨਰਬਲੀ ' ਆ ਗਏ।

ਇਨਾਂ ਨੂੰ ' ਮੋਹ ਮਿੱਟੀ ' ਦਾ ' ਰੂਪ ਅਰੂਪ' ਕਦੋਂ ਯਾਦ ਆਵੇਗਾ, ਦਰਸ਼ਨ ਗਿੱਲ ਦੀ ' ਨਜ਼ਮ' ਕੌਣ ਸੁਣੇਗਾ।'' ਲੇਖਕਾਂ ਦੀ ਏਨੀ ਭੀੜ ਦੇਖ ਕੇ ਉਸ ਦਾ ਦਿਲ ਪੈ ਗਿਆ ਹੈ। ਉਹ ਸੋਚਣ ਲੱਗਿਆ, ਮਹਾਂਨਗਰ ਵਿਚ ਗੱਡੀਆਂ ਦੀ ਤਾਂ ਏਨੀ ਭੀੜ ਤਾਂ ਦੇਖੀ ਸੁਣੀ ਸੀ ਪਰ ਆ ਲੇਖਕਾਂ ਦੀ ਏਨੀ ਭੀੜ ਤੱਕ ਕੇ ਬੜੀ ਹੈਰਾਨੀ ਹੋਈ ਹੈ ਕਿ ਸਾਹਤਕ ਪਾਠਕਾਂ ਦੀ ਕਿਉਂ ਘੱਟ ਰਹੀ ਹੈ?

ਉਹ ਸੋਚਦਾ ਹੈ ਸਾਹਮਣੇ ਚੌਕ 'ਚ ਲੇਖਕਾਂ ਦੀ ਭੀੜ ਇਕ ਦੂਜੇ ਨੂੰ ਪਛਾੜ ਕੇ ਅੱਗੇ ਲੰਘਣ ਦੀ ਕੋਸ਼ਿਸ਼ ਵਿਚ ਹੈ ਪਰੇ ਇਨਾਮਾਂ ਤੇ ਪੁਰਸਕਾਰਾਂ ਦੀ ਵੰਡ ਹੋ ਰਈ ਸੀ ਲੇਖਕ ਇੱਕ ਦੂਜੇ ਅੱਗੇ ਹੋ ਇਨਾਮ ਚੱਕਣ ਦੀ ਕੋਸ਼ਿਸ਼ 'ਚ ਲੱਗੇ ਹੋਏ ਸਨ ਪਰ ਅਜੇ ਲਾਲ ਬੱਤੀ ਹੋਈ . . .।

ਸਾਰੇ ਚੀਕਾਂ ਮਾਰਦੇ ਹਨ। ਕੁਝ ਵੀ ਸੁਣਾਈ ਨਹੀਂ ਦੇ ਰਿਹਾ। ਜੇ ਤੁਹਾਨੂੰ ਕੁਝ ਸੁਣਦਾ ਏ, ਤਾਂ ਦੱਸਿਓ ! ''ਬਿਸ਼ਨਾ ਚੌਕ 'ਚ ਖੜਾ ਪੁੱਛ ਰਿਹਾ ਪਰ ਕੋਈ ਉਸ ਦੀ ਗੱਲ ਨਹੀਂ ਸੁਣਦਾ। ਉਹ ਡੋਰ ਭੋਰ ਹੋਇਆ ਭੀੜ ਵੱਲ ਦੇਖ ਰਿਹਾ।

###



ਬੁੱਧ ਸਿੰਘ ਨੀਲੋਂ
94643-70823

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ: ANAEMIA ... ਇਕ ਲੀਟਰ ਤਿੰਨ ਮਹੀਨੇ ਲਈ ਕੀਮਤ £120

2) ਮਾਨਸਿਕ ਸ਼ਕਤੀ ਲਈ: (NERVE TONIC) ... ਇਕ ਲੀਟਰ ਤਿੰਨ ਮਹੀਨੇ ਲਈ ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖ਼ੇ:

1) ... 1 ਮਹੀਨੇ ਦੀ ਕੀਮਤ £35
2) ... 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :
(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖ਼ੇ (SCIENTIFICALLY PROVEN 'NATURAL GIFTS')

INFORMATION

ਨੁਸਖ਼ਾ ਨੰਬਰ 1 (IN TABLETS) (PIGMENTATION WHITE SPOTS) ... £69
ਨੁਸਖ਼ਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖ਼ਾ ਨੰਬਰ 3 (IN CAPSULES) (POWERFUL FAT BURNER) ... £69
ਨੁਸਖ਼ਾ ਨੰਬਰ 4 (IN CAPSULES) (FLABBY & OUT OF SHAPE BELLY) ... FLAT ... TONED ... £69
ਨੁਸਖ਼ਾ ਨੰਬਰ 5 (IN CAPSULES) (FEMALE SEX-DRIVE) ... A REAL MAGIC ... £69
ਨੁਸਖ਼ਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL / MAGIC) £49
ਨੁਸਖ਼ਾ ਨੰਬਰ 7 (IN CAPSULES) (MENOPAUSE) ... CALCIUM ... (OSTEOPOROSIS) ... £59
ਨੁਸਖ਼ਾ ਨੰਬਰ 8 (IN CAPSULES) ... £59
ਨੁਸਖ਼ਾ ਨੰਬਰ 9 (IN CAPSULES) ... £59
ਨੁਸਖ਼ਾ ਨੰਬਰ 10 (IN CAPSULES) ... GUARANTEED GOOD QUALITY SLEEP £59
ਨੁਸਖ਼ਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖ਼ੇ-ਇਕ ਮਹੀਨੇ ਦੀ ਕੀਮਤ

ਨੁਸਖ਼ਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖ਼ਾ ਨੰਬਰ 13 (IN VIALS) ... £89
ਨੁਸਖ਼ਾ ਨੰਬਰ 14 (IN TABLETS) ... SEXUAL ... MALE DISORDERS ... £69

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।
LADY CONSULTANT & PRACTITIONER IS AVAILABLE. MRS. JASWINDER KAUR KHANBA BSYA (HOM.) (A.P.) AND (NUTRI.)

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy)

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

PILAES (IN OINTMENT) ... £19
NURALACO (IN OINTMENT OR LOTION) ... £19
CHILLAGA (IN OINTMENT OR LOTION) ... £19
ARNSTRA (IN OINTMENT) ... (BED SORES) ... £19
BELINFLA (IN OIL OR OINTMENT) ... £19
BELULCE (IN OIL) ... ULCERS ... £19
BRYJOIN (IN OIL) ... £19
CALWOUN (IN OIL OR OINTMENT) ... £19
BURCAN (IN LOTION OR OINTMENT) ... £19
ROUTUM (IN OINTMENT) ... £19
JOINRHU (IN OIL) ... £19
ABSSIL (IN LOTION) ... £19
ITCSUL (IN OIL) ... £19
WARTHU (IN OIL) ... (WARTS) ... £19

* HOMOEOPATHIC HEALTH CLINIC ... £10 ...

ਹਰ ਤਰ੍ਹਾਂ ਦੇ ਨਸ਼ਿਆਂ ਅਤੇ ਉਹਨਾਂ ਨਾਲ ਸਰੀਰ 'ਚ ਪਏ ਨੁਕਸਾਂ ਤੋਂ ਮੁਕੰਮਲ ਛੁਟਕਾਰਾ ... ਫ਼ੋਨ ਕਰੋ

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS



ਕਲਾ ਵਾਹਿਗੁਰੂ ਦੀ

ਪੇਂਟਿੰਗ

Painting

ਆਪਣੇ ਸੁਪਨਿਆਂ,
ਬਜ਼ੁਰਗਾਂ,
ਮਿੱਤਰ ਪਿਆਰਿਆਂ
ਦੀਆਂ ਪੇਂਟਿੰਗ ਬਣਾ ਕੇ
ਆਪਣੇ ਘਰਾਂ ਨੂੰ
ਚਾਰ ਚੰਨ
ਲਗਾਓ ਜੀ



DELIVERY ALL WORLD
Payment in Advance
ਪੇਂਟਿੰਗ ਲਈ ਫੋਟੋ ਵਟਸਐਪ ਨੰਬਰ
+91-97794-70626 ਤੇ ਭੇਜੋ

ਚਿੱਤਰਕਾਰ
ਰਾਜੇਸ਼ ਨਾਗਰਾ

# Samaj Weekly ਸਮਾਜ ਵੀਕਲੀ

Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

## ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**